ਰੱਬੀ ਵਾਕ

ਰੱਬੀ ਵਾਕ

Punjabi Translation of 'WORDS OF GOD'

Published By :
The State Bahái Council of the Bahái's of Punjab
Bahái Centre
1026, Sector 8-C
Chandigarh - 160 008

Translation by :
PROF. J. RISHI

Printed By :
NAV BHARAT PRINTERS
 # 96, Sector 15-A, Chandigarh

ਜ਼ਰੂਰੀ ਪ੍ਰਾਰਥਨਾ

ਮੈਂ ਗਵਾਹੀ ਦੇਂਦਾ ਹਾਂ - ਹੇ ਮੇਰੇ ਰੱਬ - ਕਿ ਤੂੰ ਮੈਨੂੰ ਸਿਰਜਿਆ ਹੈ ਤਾਂ ਜੋ ਮੈਂ ਤੈਨੂੰ ਜਾਣਾਂ ਅਤੇ ਤੇਰੀ ਬੰਦਗੀ ਕਰਾਂ। ਮੈਂ ਇਸ ਖਿਨ ਗਵਾਹੀ ਭਰਦਾ ਹਾਂ ਅਪਣੀ ਨਗੂਣਤਾ ਅਤੇ ਤੇਰੀ ਸਮਰਥਾ ਦੀ- ਆਪਣੀ ਹੀਨਤਾ ਅਤੇ ਤੇਰੀ ਬਹੁਲਤਾ ਦੀ।

ਤੇਰੇ ਸਿਵਾ ਹੋਰ ਕੋਈ ਰੱਬ ਨਹੀਂ ਹੈ-ਸੰਕਟ ਸਮੇਂ ਸਹਾਈ ਅਤੇ ਸੈਭੰ।

—ਬਹਾਉੱਲਾ

ਬਹਾਉੱਲਾ ਨੇ ਤਿੰਨ ਜ਼ਰੂਰੀ ਪ੍ਰਾਰਥਨਾਵਾਂ ਪ੍ਰਗਟਾਈਆਂ ਹਨ ਅਤੇ ਹਰੇਕ ਸ਼ਧਾਲੂ ਨੇ ਉਨ੍ਹਾਂ ਵਿਚੋਂ ਇੱਕ ਚੁਨਣੀ ਅਤੇ - ਹਰੇਕ ਪ੍ਰਾਰਥਨਾ ਸਬੰਧੀ ਵਿਸ਼ੇਸ਼ ਹਦਾਇਤਾਂ ਅਨੁਸਾਰ - 24 ਘੰਟਿਆਂ ਵਿੱਚ ਇੱਕ ਵਾਰੀ ਉਚਾਰਨੀ ਹੁੰਦੀ ਹੈ। ਉੱਪਰ ਲਿਖੀ ਪ੍ਰਾਰਥਨਾ ਸਬੰਧੀ (ਜਿਹੜੀ ਤਿੰਨਾਂ ਵਿਚੋਂ ਸਭ ਤੋਂ ਛੋਟੀ ਹੈ) ਹਦਾਇਤ ਇਹ ਹੈ ਕਿ ਇਹ ਹਰ ਰੋਜ਼ ਦੁਪਹਿਰ ਅਤੇ ਸ਼ਾਮ ਵੇਲੇ ਦੇ ਵਿਚਕਾਰ ਇੱਕ ਵਾਰੀ ਜ਼ਰੂਰ ਉਚਾਰੀ ਜਾਵੇ।

ਪ੍ਰਭਾਤ

ਹੇ ਮੇਰੇ ਰੱਬ ਅਤੇ ਮਾਲਿਕ - ਮੈਂ ਤੇਰਾ ਸੇਵਕ ਅਤੇ ਸੇਵਕ ਜਾਇਆ ਹਾਂ। ਮੈਂ ਅੱਜ ਪ੍ਰਭਾਤ ਵੇਲੇ ਆਪਣੇ ਪਲੰਗ ਤੋਂ ਉਠਿਆ ਹਾਂ ਜਦੋਂ ਤੇਰੇ ਏਕਤਵ ਦਾ ਸੂਰਜ ਤੇਰੀ ਇੱਛਾ ਰੂਪੀ ਪੂਰਬ ਦਿਸ਼ਾ ਚੋਂ ਨਿਕਲਿਆ ਹੈ ਅਤੇ ਤੇਰੀ ਆਗਿਆ ਪੁਸਤਕਾਂ ਵਿੱਚ ਲਿਖੇ ਹੁਕਮ ਅਨੁਸਾਰ-ਉਸ ਨੇ ਸਾਰੇ ਸੰਸਾਰ ਉੱਪਰ ਆਪਣਾ ਚਾਨਣ ਡੋਲ੍ਹ ਦਿੱਤਾ ਹੈ।

ਤੇਰੀ ਉਸਤਤ ਹੋਵੇ-ਹੇ ਮੇਰੇ ਰੱਬ ਕਿਉਂ ਜੋ ਅਸੀਂ ਤੇਰੇ ਗਿਆਨ ਰੂਪੀ ਪ੍ਰਕਾਸ਼ ਦੀ ਸ਼ੋਭਾ (ਵੇਖਣ) ਨੂੰ ਜਾਗੇ ਹਾਂ। ਤਾਂ-ਹੇ ਰੱਬ ਸਾਨੂੰ ਉਹ ਕੁਝ ਬਖਸ਼ ਜਿਹੜਾ ਸਾਨੂੰ ਤੇਰੇ ਸਿਵਾ ਹਰੇਕ ਥਾਵੇਂ ਬੇਲੋੜਾ ਕਰ ਸਕੇ ਅਤੇ ਤੈਥੋਂ ਇਲਾਵਾ ਹਰ ਸ਼ੈ ਦਾ ਮੋਹ ਛੁਡਾ ਸਕੇ। ਇਸ ਤੋਂ ਇਲਾਵਾ ਮੇਰੇ ਲਈ - ਉਨ੍ਹਾਂ ਲਈ ਜੋ ਮੈਨੂੰ ਪਿਆਰੇ ਹਨ-ਅਤੇ ਮੇਰੇ ਸਹੋਦਰਿਆਂ ਪੁਰਸ਼ਾਂ ਇਸਤ੍ਰੀਆਂ ਲਈ ਇੱਕੋ ਸਮਾਨ-ਇਸ ਜੱਗ ਵਿੱਚ ਅਤੇ ਆਉਣ ਵਾਲੇ ਜੱਗ ਵਿੱਚ-ਨੇਕੀ ਲਿਖ ਦੇ ਤਾਂ ਫਿਰ ਆਪਣੀ ਅਚੂਕ ਸੁਰੱਖਿਆ ਦੁਆਰਾ-ਹੇ ਸਾਰੀ ਸ੍ਰਿਸ਼ਟੀ ਦੇ ਪ੍ਰੀਤਮ ਅਤੇ ਸਾਰੇ ਵਿਸ਼ਵ ਦੀ ਅਭਿਲਾਸ਼ਾ-ਸਾਨੂੰ ਉਨ੍ਹਾਂ ਥੀਂ ਬਚਾ ਕੇ ਰੱਖ ਜਿਨ੍ਹਾਂ ਨੂੰ ਤੂੰ ਦੁਸ਼ਟ ਅਵਾਈਬਾਜ਼ ਦਾ ਪ੍ਰਤੱਖ ਰੂਪ ਹੋਣ ਲਈ ਬਣਾਇਆ ਹੈ ਅਤੇ ਜਿਹੜੇ ਮਨੁੱਖਾਂ ਦੇ ਸੀਨਿਆਂ ਵਿੱਚ ਬਦਖੋਹੀਆਂ ਭਰਦੇ ਹਨ। ਸਚਮੁਚ ਹੀ ਤੂੰ ਸਰਵ ਸਮਰਥ-ਸੰਕਟ ਸਮੇਂ ਸਹਾਈ ਅਤੇ ਸੈਭੰ ਹੈਂ। ਹੇ ਮਾਲਿਕ ਮੇਰੇ ਰੱਬ-ਉਸ ਨੂੰ ਅਸੀਸ ਦੇਹ ਜਿਸ ਨੂੰ ਤੂੰ ਆਪਣੇ ਸਰਵ ਉੱਤਮ ਪਦਨਾਵਾਂ

ਤੋਂ ਉੱਪਰ ਥਾਪਿਆ ਹੈ ਅਤੇ ਜਿਸ ਦੇ ਰਾਹੀ ਤੂੰ ਧਰਮੀਆਂ ਅਤੇ ਦੁਰਾਚਾਰੀਆਂ ਨੂੰ ਵੱਖਰੇ-ਵੱਖਰੇ ਕੀਤਾ ਹੈ। ਅਤੇ ਕਿਰਪਾਲਤਾ ਨਾਲ ਸਾਡੀ ਉਹ ਕੁਝ ਕਰਨ ਲਈ ਸਹਾਇਤਾ ਕਰ ਜਿਸ ਨੂੰ ਤੂੰ ਪਿਆਰਦਾ ਹੈਂ ਅਤੇ ਚਾਹੁੰਦਾ ਹੈਂ। ਇਸ ਤੋਂ ਇਲਾਵਾ-ਹੇ ਮੇਰੇ ਰੱਬ-ਉਨ੍ਹਾਂ ਨੂੰ ਅਸੀਸ ਦੇਹ ਜਿਹੜੇ ਤੇਰੇ ਸ਼ਬਦ ਅਤੇ ਤੇਰੇ ਅੱਖਰ ਹਨ ਅਤੇ ਉਨ੍ਹਾਂ ਨੂੰ ਜਿਹਨਾਂ ਤੇਰੇ ਵੱਲ ਮੂੰਹ ਕੀਤਾ ਹੈ ਅਤੇ ਜਿਹੜੇ ਤੇਰੇ ਮੂੰਹ ਵੱਲ ਮੁੜੇ ਹਨ ਅਤੇ ਜਿਨ੍ਹਾਂ ਨੇ ਤੇਰਾ ਹੁਕਮ ਗਹੁ ਨਾਲ ਸੁਣਿਆ ਹੈ।

ਸਚਮੁੱਚ ਹੀ ਤੂੰ ਸਭਨਾਂ ਦਾ ਮਾਲਿਕ ਅਤੇ ਪਾਤਸ਼ਾਹ ਹੈਂ-ਅਤੇ ਸਭਨਾਂ ਸ਼ੈਆਂ ਉੱਤੇ ਕਾਦਰ ਹੈਂ

—ਬਹਾਉੱਲਾ

ਸਵੇਰ

ਮੈਂ ਤੇਰਾ ਆਸਰਾ ਲੈ ਕੇ ਜਾਗਿਆ ਹਾਂ-ਹੇ ਮੇਰੇ ਰੱਬ-ਅਤੇ ਜਿਹੜਾ ਤੇਰਾ ਆਸਰਾ ਭਾਲਦਾ ਹੈ ਉਸ ਨੂੰ ਤੇਰੀ ਰਖਵਾਲੀ ਦੀ ਪਵਿੱਤਰ ਸ਼ਰਨ ਅਤੇ ਤੇਰੀ ਸੁਰੱਖਿਆ ਦੀ ਗੜ੍ਹੀ ਵਿੱਚ ਰਹਿਣਾ ਹੀ ਫਬਦਾ ਹੈ। ਆਪਣੇ ਅਗੰਮ ਗਿਆਨ ਰੂਪੀ ਪੂਰਬ ਦਿਸ਼ਾ ਦੇ ਤੇਜ ਨਾਲ-ਹੇ ਮੇਰੇ ਮਾਲਿਕ-ਮੇਰੇ ਅੰਤਾਕਰਣ ਨੂੰ ਪ੍ਰਕਾਸ਼ਮਾਨ ਕਰ ਦੇ ਜਿਵੇਂ ਤੂੰ ਮੇਰੇ ਬਾਹਰੀ ਵੁੱਜੂਦ ਨੂੰ ਆਪਣੀ ਮਿਹਰ ਦੇ ਪ੍ਰਭਾਤੀ ਚਾਨਣ ਨਾਲ ਰੌਸ਼ਨ ਕੀਤਾ ਹੈ।

—ਬਹਾਉੱਲਾ

ਮੈਂ ਅੱਜ ਸਵੇਰੇ ਤੇਰੀ ਕਿਰਪਾ ਨਾਲ ਉੱਠਿਆ ਹਾਂ-ਹੇ ਮੇਰੇ ਰੱਬ-ਅਤੇ ਤੇਰੇ ਤੇ ਪੂਰਾ ਵਿਸ਼ਵਾਸ ਰਖਦਿਆਂ—ਆਪਣੇ ਆਪ ਨੂੰ ਤੇਰੀ ਸੰਭਾਲ ਦੇ ਹਵਾਲੇ ਕਰ ਕੇ ਘਰੋਂ ਤੁਰ ਪਿਆ ਹਾਂ। ਤਾਂ ਫਿਰ ਆਪਣੀ ਦਇਆ ਦੇ ਆਕਾਸ਼ ਵਿਚੋਂ—ਆਪਣੇ ਵਲੋਂ ਮੈਨੂੰ ਬਰਕਤ ਭੇਜ ਤਾਂ ਜੋ ਮੈਂ ਉਸੇ ਤਰ੍ਹਾਂ ਸਹੀ ਸਲਾਮਤ ਘਰ ਨੂੰ ਪਰਤਾਂ ਜਿਵੇਂ ਤੂੰ ਮੈਨੂੰ ਆਪਣੀ ਸੁਰੱਖਿਆ ਅਧੀਨ ਆਪਣਾ ਧਿਆਨ ਅਡੋਲ ਤੇਰੇ ਤੇ ਟਿਕਾ ਕੇ ਤੁਰ ਪੈਣ ਦੀ ਸਮਰਥਾ ਬਖਸ਼ੀ ਸੀ।

ਤੇਰੇ ਸਿਵਾ ਹੋਰ ਕੋਈ ਰੱਬ ਨਹੀਂ ਹੈ—ਇੱਕੋ ਇੱਕ—ਬੇਜੋੜ-ਸਰਵਗਿਆਤਾ ਅਤੇ ਪੂਰਨ ਬੁੱਧੀਮਾਨ।

—ਬਹਾਉੱਲਾ

ਸੰਝ

ਹੇ ਮੇਰੇ ਰੱਬ—ਮੇਰੇ ਮਾਲਿਕ—ਮੇਰੀ ਇੱਛਾ ਦੇ ਮਨੋਰਥ—ਤੇਰਾ ਇਹ ਸੇਵਕ ਤੇਰੀ ਸੰਭਾਲ ਅਤੇ ਸੁਰੱਖਿਆ ਲਈ ਤਰਲਾ ਕਰਦਾ ਹੋਇਆ ਤੇਰੀ ਦਇਆ ਦੀ ਸ਼ਰਨ ਵਿੱਚ ਸੌਣਾ ਅਤੇ ਮਿਹਰ ਦੇ ਛਤਰ ਹੇਠ ਆਰਾਮ ਕਰਨਾ ਚਾਹੁੰਦਾ ਹੈ।

ਹੇ ਮੇਰੇ ਮਾਲਿਕ—ਮੈਂ ਤੇਰੀ ਉਸ ਅੱਖ ਦਾ ਵਾਸਤਾ ਦੇ ਕੇ ਜਿਹੜੀ ਕਦੇ ਨਹੀਂ ਸੌਂਦੀ—ਆਪਣੀਆਂ ਅੱਖੀਆਂ ਨੂੰ ਤੈਨੂੰ ਛਡ ਹੋਰ ਕੁਝ ਵੀ ਦੇਖਣ ਤੋਂ ਬਚਾ ਕੇ ਰੱਖਣ ਲਈ ਜਾਚਨਾ ਕਰਦਾ ਹਾਂ। ਤਾਂ ਫਿਰ ਉਨ੍ਹਾਂ ਦੀ ਜੋਤ ਨੂੰ ਸ਼ਕਤੀ ਦੇ ਤਾਂ ਜੋ ਉਹ ਤੇਰੇ ਚਿੰਨ ਪਛਾਣ ਲੈਣ ਅਤੇ ਤੇਰੇ ਅਗੰਮ ਗਿਆਨ ਦਾ ਦਿਗਮੰਡਲ ਦੇਖ ਸੱਕਣ। ਤੂੰ ਉਹ ਹੈਂ ਜਿਸ ਦੀ ਸਰਵਸ਼ਕਤੀਮਾਨਤਾ ਦੇ ਪ੍ਰਗਟਾਅ ਅੱਗੇ ਸ਼ਕਤੀ ਦਾ ਤੱਤ ਕੰਬਿਆ ਹੈ।

ਤੈਨੂੰ ਛੱਡ ਹੋਰ ਕੋਈ ਰੱਬ ਨਹੀਂ ਹੈ—ਸਰਵਸ਼ਕਤੀਮਾਨ-ਸਰਵਜੇਤੂ ਅਤੇ ਨਿਰਪੱਖ।

—ਬਹਾਉੱਲਾ

ਵਰਤ

ਤੇਰੀ ਉਸਤਤ ਹੋਵੇ—ਹੇ ਮਾਲਿਕ ਮੇਰੇ ਰੱਬ—ਤੇਰੇ ਉਸ ਅਗੰਮ ਗਿਆਨ ਦਾ ਵਾਸਤਾ ਦੇ ਕੇ ਜਿਸ ਦੁਆਰਾ ਹਨ੍ਹੇਰੇ ਨੂੰ ਚਾਨਣ ਕਰ ਦਿੱਤਾ ਗਿਆ ਹੈ—ਜਿਸ ਦੇ ਰਾਹੀਂ ਇਹ ਵਾਰ ਵਾਰ ਦਰਸ਼ਨ ਕੀਤੇ ਜਾਣ ਵਾਲਾ ਦੇਵਸਥਾਨ ਉੱਸਰਿਆ ਹੈ—ਲਿਖਤ ਵਾਲੀ ਪੱਟੀ ਉੱਘੜੀ ਹੈ ਅਤੇ ਅਨਵਲ੍ਹੇਟੀ ਦਸਤਾਵੇਜ਼ ਤੋਂ ਪਰਦਾ ਲੱਥਿਆ ਹੈ—ਮੈਂ ਤੈਨੂੰ ਆਪਣੀ ਅਤੇ ਉਨ੍ਹਾਂ ਦੀ ਖ਼ਾਤਿਰ ਜਿਹੜੇ ਮੇਰੇ ਸੰਗ ਹਨ—ਉਹ ਕੁਝ ਭੇਜਣ ਲਈ ਪ੍ਰਾਰਥਨਾ ਕਰਦਾ ਹਾਂ ਜੋ ਸਾਨੂੰ ਤੇਰੇ ਅਨੁਭਵ ਅਤੀਤ ਪ੍ਰਤਾਪ ਰੂਪੀ ਆਕਾਸ਼ ਵਿੱਚ ਉਡਣ ਦੇ ਯੋਗ ਬਣਾ ਸਕੇਗਾ ਅਤੇ ਅਸਾਡੇ ਤੋਂ ਉਨ੍ਹਾਂ ਸ਼ੰਕਾਵਾਂ ਦਾ ਦਾਗ ਧੋ ਦੇਵੇਗਾ ਜਿਨ੍ਹਾਂ ਨੇ ਸ਼ੰਕਾਵਾਦੀਆਂ ਨੂੰ ਤੇਰੇ ਇਕਤਵ ਦੇ ਪਵਿੱਤਰ ਨਿਵਾਸ ਵਿੱਚ ਪ੍ਰਵੇਸ਼ ਕਰਨ ਤੋਂ ਰੋਕ ਰੱਖਿਆ ਹੈ।

ਹੇ ਮੇਰੇ ਮਾਲਿਕ—ਮੈਂ ਉਹ ਹਾਂ ਜਿਸ ਨੇ ਤੇਰੀ ਪਿਆਰ ਭਰੀ ਕ੍ਰਿਪਾਲਤਾ ਦੀ ਡੋਰ ਨੂੰ ਘੁੱਟ ਕੇ ਫੜ ਰੱਖਿਆ ਹੈ ਅਤੇ ਜਿਹੜਾ ਤੇਰੀ ਦਇਆ ਅਤੇ ਮਿਹਰ ਦੇ ਲੜ ਲੱਗਿਆ ਰਿਹਾ ਹੈ। ਮੇਰੇ ਲਈ ਅਤੇ

ਮੇਰੇ ਪਿਆਰਿਆਂ ਲਈ ਇਸ ਜੱਗ ਵਿੱਚ ਅਤੇ ਆਉਣ ਵਾਲੇ ਜੱਗ ਵਿੱਚ ਨੇਕੀ ਦਾ ਹੁਕਮ ਦੇਹ। ਤਾਂ ਫਿਰ ਉਨ੍ਹਾਂ ਨੂੰ ਉਹ ਗੁੱਝੀ ਦਾਤ ਬਖਸ਼ ਜਿਸ ਦਾ ਤੂੰ ਆਪਣੇ ਸਭ ਤੋਂ ਚੰਗੇ ਜੀਵਾਂ ਲਈ ਹੁਕਮ ਦਿੱਤਾ ਸੀ।

ਹੇ ਮੇਰੇ ਮਾਲਿਕ—ਇਹ ਉਹ ਦਿਹਾੜੇ ਹਨ ਜਿਨ੍ਹਾਂ ਵਿੱਚ ਤੂੰ ਆਪਣੇ ਸੇਵਕਾਂ ਨੂੰ ਵਰਤ ਰੱਖਣ ਦੀ ਆਗਿਆ ਦਿੱਤੀ ਹੈ। ਧੰਨ ਹੈ ਉਹ ਜਿਹੜਾ ਸਾਰਾ ਵਕਤ ਤੇਰੀ ਖ਼ਾਤਿਰ ਅਤੇ ਤੇਰੇ ਸਿਵਾ ਸਭਨਾਂ ਸ਼ੈਆਂ ਥੀਂ ਪੂਰੀ ਨਿਰਲੇਪਤਾ ਨਾਲ ਰਖਦਾ ਹੈ—ਤੇਰਾ ਹੁਕਮ ਮੰਨਣ ਅਤੇ ਤੇਰੀਆਂ ਸਿਖਿਆਵਾਂ ਤੇ ਚੱਲਣ ਲਈ। ਹੇ ਮੇਰੇ ਮਾਲਿਕ—ਮੇਰੀ ਅਤੇ ਉਨ੍ਹਾਂ ਦੀ ਸਹਾਇਤਾ ਕਰ। ਸਚਮੁੱਚ ਹੀ ਤੂੰ ਜੋ ਚਾਹੇਂ ਉਹ ਕਰਨ ਦੀ ਸਮਰਥਾ ਰਖਦਾਂ ਹੈਂ।

ਤੈਨੂੰ ਛੱਡ ਹੋਰ ਕੋਈ ਰੱਬ ਨਹੀਂ ਹੈ ਸਰਵਗਿਆਤਾ ਅਤੇ ਪੂਰਨ ਬੁੱਧੀਮਾਨ। ਸਾਰੇ ਜਹਾਨਾਂ ਦੇ ਵਾਲੀ ਰੱਬ ਦੀ ਸਾਰੀ ਉਸਤਤ ਹੋਵੇ।

—ਬਹਾਉੱਲਾ

ਵਿਆਹ

ਤੇਰੀ ਮਹਿਮਾ ਹੋਵੇ—ਹੇ ਮੇਰੇ ਰੱਬ—ਸਚਮੁਚ ਹੀ ਤੇਰਾ ਇਹ ਦਾਸ ਅਤੇ ਦਾਸੀ ਤੇਰੀ ਦਇਆ ਦੀ ਛਾਹ ਹੇਠ ਇਕੱਠੇ ਹੋਏ ਹਨ ਅਤੇ ਤੇਰੀ ਮਿਹਰ ਅਤੇ ਉਦਾਰਤਾ ਦੁਆਰਾ ਇਨ੍ਹਾਂ ਦਾ ਮੇਲ ਹੋਇਆ ਹੈ। ਹੇ ਮਾਲਿਕ—ਆਪਣੀ ਇਸ ਦੁਨੀਆਂ ਅਤੇ ਆਪਣੇ ਇਸ ਰਾਜ ਵਿੱਚ

ਇਨ੍ਹਾਂ ਦੀ ਸਹਾਇਤਾ ਕਰ ਅਤੇ ਆਪਦੀ ਦਾਤ ਅਤੇ ਕਿਰਪਾਲਤਾ ਦੁਆਰਾ ਹਰੇਕ ਨੇਕੀ ਇਨ੍ਹਾਂ ਦੇ ਭਾਗੀਂ ਲਾ। ਹੇ ਮਾਲਿਕ—ਇਨ੍ਹਾਂ ਨੂੰ ਆਪਣੀ ਦਾਸਤਾ ਵਿੱਚ ਪੱਕਿਆਂ ਕਰ ਅਤੇ ਆਪਣੀ ਸੇਵਾ ਵਿੱਚ ਇਨ੍ਹਾਂ ਦਾ ਸਹਾਈ ਹੋ। ਆਪਣੀ ਦੁਨੀਆਂ ਵਿੱਚ ਇਨ੍ਹਾਂ ਨੂੰ ਆਪਣੇ ਨਾਂ ਦੇ ਚਿੰਨ੍ਹ ਬਣਨ ਦੇਹ ਅਤੇ ਆਪਣੀਆਂ ਦਾਤਾਂ ਰਾਹੀਂ—ਜਿਹੜੀਆਂ ਅਖੁੱਟ ਹਨ—ਇਨ੍ਹਾਂ ਦੀ ਇਸ ਜੱਗ ਵਿੱਚ ਅਤੇ ਆਉਣ ਵਾਲੇ ਜੱਗ ਵਿੱਚ ਸੁਰੱਖਿਆ ਕਰ। ਹੇ ਮਾਲਿਕ—ਇਹ ਤੇਰੀ ਦਿਆਲਤਾ ਦੇ ਰਾਜ ਸਾਹਵੇਂ ਅਰਜ ਗੁਜ਼ਾਰਦੇ ਅਤੇ ਤੇਰੇ ਏਕਤੱਵ ਦੀ ਬਾਦਸ਼ਾਹਤ ਦਾ ਆਵਾਹਨ ਕਰਦੇ ਹਨ। ਨਿਸ਼ਚੇ ਹੀ ਤੇਰੀ ਆਗਿਆ ਦਾ ਪਾਲਣ ਕਰ ਕੇ ਇਨ੍ਹਾਂ ਦਾ ਵਿਆਹ ਹੋਇਆ ਹੈ। ਇਨ੍ਹਾਂ ਨੂੰ ਕਾਲ ਦੇ ਅੰਤ ਤੀਕ ਇਕਸੁਰਤਾ ਅਤੇ ਏਕਤਾ ਦੇ ਚਿੰਨ੍ਹ ਬਣਾ। ਨਿਸ਼ਚੇ ਹੀ ਤੂੰ ਸਰਵਸ਼ਕਤੀਮਾਨ—ਸਰਵਵਿਆਪਕ ਅਤੇ ਸਰਵਸਮਰਥ ਹੈਂ।

ਅਬਦੁਲ ਬਹਾ—

ਨਿਰੋਗਤਾ

ਤੇਰਾ ਨਾਂ ਮੇਰੀ ਨਿਰੋਗਤਾ ਹੈ—ਹੇ ਮੇਰੇ ਰੱਬ—ਅਤੇ ਤੇਰਾ ਸਿਮਰਨ ਹੀ ਮੇਰਾ ਦਾਰੂ ਹੈ—ਤੇਰਾ ਨੇੜ ਹੀ ਮੇਰੀ ਆਸ਼ਾ ਹੈ ਅਤੇ ਤੇਰਾ ਪਿਆਰ ਹੀ ਮੇਰਾ ਸਾਥੀ। ਤੇਰੀ ਦਇਆ ਹੀ ਇਸ ਜੱਗ ਅਤੇ ਆਉਣ ਵਾਲੇ ਜੱਗ ਵਿੱਚ ਮੇਰੀ ਸਹਾਇਕ ਹੈ। ਨਿਸ਼ਚੇ ਹੀ ਤੂੰ ਸਰਵਦਿਆਲੂ—ਸਰਵਗਿਆਤਾ ਅਤੇ ਸਰਵਬੁੱਧੀਮਾਨ ਹੈਂ।

—ਬਹਾਉੱਲਾ

ਅਧਿਆਤਮਿਕ ਸਭਾ

ਜਦੋਂ ਤੁਸੀਂ ਸਭਾ ਭਵਨ ਵਿਚ ਪ੍ਰਵੇਸ਼ ਕਰੋ—ਰੱਬ ਦੇ ਪਿਆਰ ਨਾਲ ਧੜਕ ਰਹੇ ਦਿਲ ਅਤੇ ਉਸ ਦੇ ਸਿਮਰਨ ਦੇ ਸਿਵਾਇ ਹੋਰ ਸਭ ਕੁਝ ਥੀਂ ਸ਼ੁੱਧ ਜ਼ਬਾਨ ਨਾਲ ਇਹ ਪ੍ਰਾਰਥਨਾ ਉਚਾਰੋ—ਤਾਂ ਜੋ ਸਰਵ ਸ਼ਕਤੀਮਾਨ ਆਪਣੀ ਕਿਰਪਾਲਤਾ ਨਾਲ ਉੱਤਮ ਜਿੱਤ ਪ੍ਰਾਪਤ ਕਰਨ ਲਈ ਤੁਹਾਡਾ ਸਹਾਈ ਹੋਵੇ :—

ਹੇ ਰੱਬ—ਮੇਰੇ ਰੱਬ—ਅਸੀਂ ਤੇਰੇ ਸੇਵਕ ਹਾਂ ਜਿਨ੍ਹਾਂ ਨੇ ਤੇਰੇ ਪਵਿੱਤਰ ਚੇਹਰੇ ਵੱਲ ਸ਼ਰਧਾ ਨਾਲ ਮੂੰਹ ਮੋੜਿਆ ਹੈ—ਜਿਨ੍ਹਾਂ ਨੇ ਇਸ ਸ਼੍ਰੇਸ਼ਠ ਦਿਹਾੜੇ ਆਪਣੇ ਆਪ ਨੂੰ ਤੇਰੇ ਸਿਵਾਇ ਸਭਨਾਂ ਥੀਂ ਵੱਖਰੇ ਕਰ ਲਿਆ ਹੈ। ਅਸੀਂ ਆਪਣੇ ਦ੍ਰਿਸ਼ਟੀ ਕੋਣਾਂ ਅਤੇ ਵਿਚਾਰਾਂ ਨੂੰ ਇੱਕਠਿਆਂ ਕਰਕੇ ਅਤੇ ਆਪਣੇ ਉਦੇਸ਼ਾਂ ਨੂੰ ਇੱਕ ਸੁਰ ਕਰਕੇ ਮਨੁੱਖਾਂ ਵਿੱਚ ਤੇਰੇ ਸੰਦੇਸ਼ ਦੀ ਉੱਚਤਾ ਕਾਇਮ ਕਰਨ ਲਈ ਜੁੜੇ ਹਾਂ। ਹੇ ਮਾਲਿਕ—ਅਸਾਡੇ ਰੱਬ—ਸਾਨੂੰ ਆਪਣੇ ਰੱਬੀ ਮਾਰਗਦਰਸ਼ਨ ਦੇ ਚਿੰਨ—ਮਨੁੱਖਾਂ ਵਿੱਚ ਆਪਣੇ ਸ਼੍ਰੇਸ਼ਠ ਧਰਮ ਦੇ ਝੰਡੇ ਅਤੇ ਆਪਣੇ ਮਹਾਨ ਇਕਰਾਰਨਾਮੇ ਦੇ ਸੇਵਕ ਬਣਾ। ਹੇ ਆਸਾਡੇ ਉੱਚੇ ਤੋਂ ਉੱਚੇ ਮਾਲਿਕ—ਤੇਰੇ ਆਭਾ ਰਾਜ ਵਿੱਚ ਤੇਰੇ ਰੱਬੀ ਏਕਤੱਵ ਦੇ ਸਪਸ਼ਟ ਰੂਪ ਅਤੇ ਪ੍ਰਕਾਸ਼ਮਾਨ ਸਿਤਾਰੇ ਸਾਰਿਆਂ ਖੰਡਾਂ ਤੇ ਚਮਕਦੇ ਹਨ। ਮਾਲਿਕ—ਅਸਾਡੀ ਸਹਾਇਤਾ ਕਰ ਤਾਂ ਜੋ ਅਸੀਂ ਤੇਰੀ ਅਦਭੁਤ ਕ੍ਰਿਪਾਲਤਾ ਦੀਆਂ ਲਹਿਰਾਂ ਨਾਲ ਠਾਠਾਂ ਮਾਰਦੇ ਸਾਗਰ—ਤੇਰੇ ਸਰਵ ਪਰਤਾਪੀ ਸਿਖਰਾਂ ਤੋਂ ਵਗ ਰਹੀਆਂ ਨਦੀਆਂ—ਤੇਰੇ ਸੁਰਗੀ ਧਰਮ ਦੇ ਬਿਰਖਾਂ ਨੂੰ ਲੱਗੇ

ਸੁੰਦਰ ਫਲ ਅਤੇ ਤੇਰੇ ਆਕਾਸ਼ੀ ਬਾਗ਼ ਵਿੱਚ ਤੇਰੀ ਬਖ਼ਸ਼ਿਸ਼ ਦੀਆਂ ਹਵਾਵਾਂ ਨਾਲ ਹਿਲੋਰੇ ਖਾਂਦੇ ਬਿਰਖ ਬਣ ਜਾਈਏ। ਸਾਡੀਆਂ ਰੂਹਾਂ ਨੂੰ ਆਪਣੀ ਰੱਬੀ ਏਕਤਾ ਦੇ ਛੰਦਾਂ ਤੇ ਆਸਰਿਤ ਕਰ ਅਤੇ ਅਸਾਡੇ ਦਿਲਾਂ ਨੂੰ ਆਪਣੀ ਦਇਆ ਦੇ ਉਦਗਾਰਾਂ ਨਾਲ ਪ੍ਰਸੰਨ ਕਰ ਤਾਂ ਜੋ ਅਸੀਂ ਇੱਕ ਸਾਗਰ ਦੀਆਂ ਤਰੰਗਾਂ ਵਾਂਗ ਇੱਕਮਿੱਕ ਹੋ ਜਾਈਏ ਅਤੇ ਤੇਰੇ ਉੱਜਲ ਪ੍ਰਕਾਸ਼ ਦੀਆਂ ਕਿਰਨਾਂ ਵਾਂਗ ਇਕ ਦੂਜੇ ਵਿਚ ਸਮਾ ਜਾਈਏ ਤਾਂ ਜੋ ਅਸਾਡੇ ਵਿਚਾਰ—ਅਸਾਡੇ ਦ੍ਰਿਸ਼ਟੀਕੋਣ ਅਤੇ ਅਸਾਡੀਆਂ ਭਾਵਨਾਵਾਂ ਸਾਰੇ ਸੰਸਾਰ ਵਿੱਚ ਏਕਤਾ ਦਾ ਤੱਤ ਪ੍ਰਗਟਾਉਂਦੀਆਂ ਇੱਕੋ ਇੱਕ ਤੱਥ ਵਾਂਗ ਹੋ ਜਾਣ। ਤੂੰ ਕ੍ਰਿਪਾਲੂ—ਸਖ਼ੀ—ਦਾਤਾ—ਸਰਵਸਮਰੱਥ—ਦਿਆਲੂ ਅਤੇ ਤਰਸਵਾਨ ਹੈਂ।

—ਅਬਦੁਲ ਬਹਾ

ਬੱਚਿਆਂ ਤੇ ਨੌਜਵਾਨਾਂ ਲਈ ਪ੍ਰਾਰਥਨਾਵਾਂ

ਹੇ ਰੱਬ - ਇਸ ਨਿਕੜੇ ਬੱਚੇ ਨੂੰ ਆਪਣੇ ਪਿਆਰ ਦੀ ਬੁੱਕਲ ਵਿੱਚ ਪਾਲ ਅਤੇ ਇਸ ਨੂੰ ਆਪਣੇ ਰੱਬੀ ਵਿਧਾਨ ਰੂਪੀ ਛਾਤੀ ਤੋਂ ਦੁੱਧ ਪਿਲਾ। ਇਸ ਤਾਜ਼ੇ ਬੂਟੇ ਨੂੰ ਆਪਣੇ ਪ੍ਰੇਮ ਦੀ ਗੁਲਜ਼ਾਰ ਵਿੱਚ ਪ੍ਰਵਾਨ ਚੜ੍ਹਾ ਅਤੇ ਆਪਣੀ ਬਖ਼ਸ਼ਿਸ਼ ਦੀ ਵਾਛੜ ਨਾਲ ਇਸ ਦੀ ਵਧਣ ਫੁੱਲਣ ਵਿਚ ਸਹਾਇਤਾ ਕਰ। ਇਸ ਨੂੰ ਆਪਣੀ ਬਾਦਸ਼ਾਹਤ ਦਾ ਬੱਚਾ ਬਣਾ ਅਤੇ ਆਪਣੀ ਸਲਤਨਤ ਦਾ ਰਾਹ ਦੱਸ। ਤੂੰ

ਸ਼ਕਤੀਮਾਨ ਅਤੇ ਦਿਆਲੂ ਹੈਂ ਅਤੇ ਤੂੰ ਦਾਤਾ-ਸਖੀ ਅਤੇ ਵਧੀਕ ਤੋਂ ਵਧੀਕ ਸੁੰਦਰਤਾ ਦਾ ਮਾਲਿਕ ਹੈਂ।

—ਅਬਦੁਲ ਬਹਾ

ਹੇ ਰੱਬ—ਇਨ੍ਹਾਂ ਬੱਚਿਆਂ ਨੂੰ ਸਿੱਖਿਆ ਦੇ। ਇਹ ਤੇਰੀ ਬਾੜੀ ਦੇ ਬੂਟੇ ਹਨ—ਤੇਰੀ ਜੂਹ ਦੇ ਫੁੱਲ ਹਨ ਅਤੇ ਤੇਰੇ ਬਾਗ਼ ਦੇ ਗੁਲਾਬ ਹਨ। ਇਨ੍ਹਾਂ ਤੇ ਤੇਰਾ ਮੀਂਹ ਵੱਸੇ। ਤੇਰੇ ਪਿਆਰ ਨਾਲ ਇਨ੍ਹਾਂ ਤੇ ਹਕੀਕਤ ਦਾ ਸੂਰਜ ਚਮਕੇ। ਤੇਰੀ ਰੁਮਕਦੀ ਹਵਾ ਇਨ੍ਹਾਂ ਨੂੰ ਤਾਜ਼ਗੀ ਦੇਵੇ ਤਾਂ ਜੋ ਇਨ੍ਹਾਂ ਦੀ ਵੇਲ ਚੜ੍ਹੇ। ਇਹ ਵਧਣ-ਵਿਕਾਸ ਨੂੰ ਪ੍ਰਾਪਤ ਹੋਣ ਅਤੇ ਅਤਿਅੰਤ ਸੁੰਦਰਤਾ ਲੈ ਕੇ ਪ੍ਰਗਟ ਹੋਣ। ਤੂੰ ਦਾਤਾ ਹੈਂ। ਤੂੰ ਤਰਸਵਾਨ ਹੈਂ।

—ਅਬਦੁਲ ਬਹਾ

ਹੇ ਮਾਲਿਕ - ਇਸ ਨੌਜਵਾਨ ਨੂੰ ਪ੍ਰਕਾਸ਼ਵਾਨ ਕਰ ਅਤੇ ਇਸ ਨਗੂਣੇ ਜੀਵ ਤੇ ਆਪਣੀ ਬਖ਼ਸ਼ਿਸ਼ ਕਰ। ਇਸ ਨੂੰ ਵਿੱਦਿਆ ਦੀ ਦਾਤ ਬਖ਼ਸ਼। ਹਰੇਕ ਨਵੀਂ ਸਵੇਰ ਇਸ ਨੂੰ ਹੋਰ ਸ਼ਕਤੀ ਦੇਹ। ਇਸ ਨੂੰ ਆਪਣੀ ਸੁਰੱਖਿਆ ਦੀ ਪਨਾਹ ਵਿਚ ਬਚਾ ਕੇ ਰੱਖ ਤਾਂ ਜੋ ਇਹ ਭੁੱਲ ਤੋਂ ਮੁਕਤ ਹੋ ਜਾਵੇ। ਆਪਣੇ ਆਪ ਨੂੰ ਤੇਰੇ ਧਰਮ ਦੀ ਸੇਵਾ ਵਿੱਚ ਲਾਵੇ। ਮਨਮਤੀਆਂ ਨੂੰ ਰਾਹ ਦੱਸੇ—ਬੇਨਸੀਬਾਂ ਦੀ ਅਗਵਾਈ ਕਰੇ—ਬੰਦੀਆਂ ਨੂੰ ਛੁੜਾਵੇ ਅਤੇ ਬੇਧਿਆਨਿਆਂ ਨੂੰ ਜਗਾਵੇ ਤਾਂ ਜੋ

ਸੱਭੇ ਤੇਰਾ ਸਿਮਰਣ ਅਤੇ ਉਸਤਤੀ ਕਰਕੇ ਧੰਨ ਹੋ ਜਾਣ। ਤੂੰ ਸਮਰਥ ਅਤੇ ਸ਼ਕਤੀਮਾਨ ਹੈਂ।

—ਅਬਦੁਲ ਬਹਾ

ਹੇ ਰੱਬ—ਮੇਰਾ ਪਥ ਪ੍ਰਦਰਸ਼ਨ ਕਰ—ਮੇਰੀ ਸੁਰੱਖਿਆ ਕਰ—ਮੈਨੂੰ ਇੱਕ ਪ੍ਰਕਾਸ਼ਮਾਨ ਦੀਪਕ ਅਤੇ ਜਗਮਗਾਉਂਦਾ ਤਾਰਾ ਬਣਾ। ਤੂੰ ਸਮਰਥ ਅਤੇ ਸ਼ਕਤੀਮਾਨ ਹੈਂ।

—ਅਬਦੁਲ ਬਹਾ

ਧੰਨ ਕੋਸ਼ ਲਈ ਚੰਦਾ

ਰੱਬ ਦੇ ਸਭਨਾਂ ਸੱਜਨਾਂ ਨੂੰ—ਜਿੱਥੋਂ ਤੀਕ ਹੋ ਸੱਕੇ—ਹਿੱਸਾ ਪਾਉਣਾ ਚਾਹੀਦਾ ਹੈ, ਭਾਵੇਂ ਉਨ੍ਹਾਂ ਦੀ ਭੇਟ ਕਿੰਨੀ ਭੀ ਸਾਧਾਰਣ ਕਿਉਂ ਨਾ ਹੋਵੇ। ਰੱਬ ਕਿਸੇ ਆਤਮਾ ਤੇ ਭੀ ਉਸ ਦੀ ਸਮਰਥਾ ਤੋਂ ਵਧੀਕ ਭਾਰ ਨਹੀਂ ਪਾਉਂਦਾ। ਇਸ ਤਰ੍ਹਾਂ ਦੇ ਚੰਦੇ ਸਭਨਾਂ ਕੇਂਦਰਾਂ ਅਤੇ ਸਭਨਾਂ ਸ਼ਰਧਾਲੂਆਂ ਵੱਲੋਂ ਆਉਣੇ ਚਾਹੀਦੇ ਹਨ। ਹੇ ਰੱਬ ਦੇ ਸੱਜਨੋਂ—ਵਿਸ਼ਵਾਸ਼ ਰੱਖੋ ਕਿ ਇਨ੍ਹਾਂ ਭੇਟਾਂ ਦੇ ਬਦਲੇ ਤੁਹਾਡੀ ਖੇਤੀ ਤੁਹਾਡੇ ਉਦਯੋਗ ਅਤੇ ਤੁਹਾਡੇ ਵਪਾਰ ਵਿੱਚ ਸੋਹਣੀਆਂ ਦਾਤਾਂ ਅਤੇ ਬਖ਼ਸ਼ਿਸ਼ਾਂ ਨਾਲ ਬਰਕਤ ਪੈ ਕੇ ਕਈ ਗੁਣਾ ਵਾਧਾ ਹੋਵੇਗਾ। ਜਿਹੜਾ ਇੱਕ ਉੱਤਮ ਕਾਰਜ ਦੀ ਭੇਟ ਲੈ ਆਵੇਗਾ, ਉਸ ਨੂੰ ਦਸ ਗੁਣਾ ਫਲ ਪ੍ਰਾਪਤ ਹੋਵੇਗਾ। ਇਸ ਵਿੱਚ ਕੋਈ ਸ਼ੱਕ ਨਹੀਂ ਕਿ ਜਿਹੜੇ ਉਸ

ਦੇ ਰਾਹ ਵਿੱਚ ਖਰਚ ਕਰਨਗੇ—ਸਦੀਵੀ ਮਾਲਿਕ ਉਹਨਾਂ ਨੂੰ ਘਣਾ ਪੱਕਿਆਂ ਕਰੇਗਾ।

ਹੇ ਰੱਬ—ਮੇਰੇ ਰੱਬ ਆਪਣੇ ਸੱਚੇ ਪ੍ਰੇਮੀਆਂ ਦੇ ਮੱਥੇ ਪ੍ਰਕਾਸ਼ਮਾਨ ਕਰ ਅਤੇ ਨਿਸ਼ਚਿਤ ਜਿੱਤ ਲਈ ਉਹਨਾ ਦੀ ਦੇਵਦੂਤਾਂ ਦੇ ਲਸ਼ਕਰਾਂ ਨਾਲ ਸਹਾਇਤਾ ਕਰ। ਆਪਣੇ ਸਿੱਧੇ ਰਾਹ ਤੇ ਚਲਦੇ ਉਹਨਾਂ ਦੇ ਕਦਮਾਂ ਨੂੰ ਮਜ਼ਬੂਤ ਕਰ ਅਤੇ ਆਪਣੀ ਕਦੀਮੀ ਬਖ਼ਸ਼ਿਸ਼ ਦੁਆਰਾ ਉਹਨਾ ਅੱਗੇ ਆਪਣੀ ਬਰਕਤਾਂ ਦੇ ਬੂਹੇ ਖੋਲ੍ਹ ਦੇਹ—ਕਿਉਂ ਜੋ, ਜੋ ਕੁਝ ਤੂੰ ਉਹਨਾਂ ਨੂੰ ਬਖ਼ਸ਼ਿਆ ਹੈ, ਉਸ ਨੂੰ ਤੇਰੇ ਧਰਮ ਦੇ ਰੱਖਿਆ ਪ੍ਰਬੰਧ ਵਿੱਚ—ਤੇਰੇ ਸਿਮਰਨ ਵਿੱਚ ਵਿਸ਼ਵਾਸ ਰੱਖਦੇ ਹੋਏ—ਆਪਣੇ ਦਿਲ ਤੇਰੇ ਪਿਆਰ ਦੀ ਭੇਟ ਚੜ੍ਹਾਉਂਦੇ ਹੋਏ—ਤੇਰੀ ਸੁੰਦਰਤਾ ਦੀ ਅਰਾਧਨਾ ਲਈ ਅਤੇ ਤੇਰੀ ਪ੍ਰਸੰਨਤਾ ਦੇ ਉਪਾਅ ਖੋਜਣ ਲਈ ਤੇਰੇ ਰਾਹ ਵਿਚ ਖਰਚ ਕਰ ਰਹੇ ਹਨ।

ਹੇ ਮੇਰੇ ਮਾਲਿਕ—ਉਹਨਾ ਲਈ ਭਰਪੂਰ ਹਿੱਸੇ—ਭਾਗਾਂ ਮਿਥੇ ਮੁਆਵਜ਼ੇ ਅਤੇ ਪੱਕੇ ਇਨਾਮ ਦੀ ਪ੍ਰਾਪਤੀ ਦਾ ਹੁਕਮ ਦੇ।

ਨਿਸ਼ਚੇ ਹੀ ਤੂੰ ਸਹਾਰਾ ਦੇਣ ਵਾਲਾ-ਸਹਾਇਕ-ਉਦਾਰ-ਸਖ਼ੀ ਅਤੇ ਸਦੀਵੀ ਦਾਤਾ ਹੈਂ।

—ਅਬਦੁਲ ਬਹਾ

ਚਲਾਣਾ ਕਰ ਗਿਆਂ ਲਈ

ਹੇ ਮੇਰੇ ਰੱਬ—ਇਹ ਤੇਰਾ ਸੇਵਕ ਅਤੇ ਸੇਵਕ ਜ਼ਾਦਾ ਹੈ ਜਿਹੜਾ ਤੇਰੇ ਅਤੇ ਤੇਰੇ ਚਿੰਨ੍ਹਾਂ ਤੇ ਸ਼ਰਧਾ ਰੱਖਦਾ ਹੈ ਅਤੇ ਜਿਸ ਨੇ ਤੈਨੂੰ ਛੱਡ ਹੋਰ ਸਭ ਥੀਂ ਨਿਰਲੇਪ ਹੋ ਕੇ ਤੇਰੀ ਵੱਲ ਮੂੰਹ ਕੀਤੀ ਰੱਖਿਆ ਹੈ। ਨਿਸ਼ਚੈ ਹੀ ਤੂੰ ਦਇਆ ਕਰਨ ਵਾਲਿਆਂ ਵਿੱਚੋਂ ਪਰਮ ਦਿਆਲੂ ਹੈਂ।

ਹੇ ਮਨੁੱਖਾਂ ਦੇ ਗੁਨਾਹ ਬਖ਼ਸ਼ਣ ਅਤੇ ਐਬ ਢਕਣ ਵਾਲੇ—ਇਸ ਨਾਲ ਉਹੀ ਸਲੂਕ ਕਰ ਜਿਹੜਾ ਤੇਰੀ ਦਾਤ ਦੇ ਸੁਰਗ ਅਤੇ ਤੇਰੀ ਦਇਆ ਦੇ ਸਾਗਰ ਦੀ ਸ਼ਾਨ ਦੇ ਯੋਗ ਹੈ। ਇਸ ਨੂੰ ਆਪਣੀ ਉਸ-ਮਨੁੱਖੀ ਸਮਝੋਂ ਪਰੇ-ਦਇਆ ਦੀ ਵਲਗਣ ਅੰਦਰ ਪ੍ਰਵੇਸ਼ ਕਰਨ ਦੀ ਆਗਿਆ ਦੇਹ ਜਿਹੜੀ ਧਰਤੀ ਆਕਾਸ਼ ਦੀ ਰਚਨਾ ਤੋਂ ਪਹਿਲਾਂ ਭੀ ਸੀ। ਤੇਰੇ ਸਿਵਾਇ ਕੋਈ ਰੱਬ ਨਹੀਂ ਹੈ—ਸਦਾ ਖਿਮਾਵਾਨ ਅਤੇ ਵੱਧ ਤੋਂ ਵੱਧ ਉਦਾਰ।

ਫਿਰ ਉਹ ਛੇ ਵਾਰ ਸੁਆਗਤ ਸ਼ਬਦਾਂ "ਅੱਲਾ ਹੂ ਅਬਹਾ" ਦੋਹਰਾਵੇ ਅਤੇ ਉਸ ਤੋਂ ਬਾਅਦ ਹੇਠ ਲਿਖੇ ਸਲੋਕਾਂ ਚੋਂ ਹਰੇਕ ਨੂੰ ਉੱਨੀਂ ਵਾਰ ਉਚਾਰੇ :—

ਨਿਸ਼ਚੇ ਹੀ ਅਸੀਂ ਸੱਭੇ ਰੱਬ ਦੀ ਪੂਜਾ ਕਰਦੇ ਹਾਂ
ਨਿਸ਼ਚੇ ਹੀ ਅਸੀਂ ਸੱਭੇ ਰੱਬ ਦੀ ਪੂਜਾ ਕਰਦੇ ਹਾਂ
ਨਿਸ਼ਚੇ ਹੀ ਅਸੀਂ ਸੱਭੇ ਰੱਬ ਦੀ ਪੂਜਾ ਕਰਦੇ ਹਾਂ
ਨਿਸ਼ਚੇ ਹੀ ਅਸੀਂ ਸੱਭੇ ਰੱਬ ਦੀ ਪੂਜਾ ਕਰਦੇ ਹਾਂ
ਨਿਸ਼ਚੇ ਹੀ ਅਸੀਂ ਸੱਭੇ ਰੱਬ ਦੀ ਪੂਜਾ ਕਰਦੇ ਹਾਂ
ਨਿਸ਼ਚੇ ਹੀ ਅਸੀਂ ਸੱਭੇ ਰੱਬ ਦੀ ਪੂਜਾ ਕਰਦੇ ਹਾਂ

(ਜੇ ਮਰਨ ਵਾਲੀ ਇਸਤ੍ਰੀ ਹੋਵੇ ਤਾਂ ਕਹਿਣਾ ਚਾਹੀਦਾ ਹੈ:
ਇਹ ਤੇਰੀ ਸੇਵਿਕਾ ਅਤੇ ਤੇਰੀ ਸੇਵਿਕਾ ਜ਼ਾਦੀ ਆਦਿ ਆਦਿ)

—ਬਹਾਉੱਲਾ

ਹੇ ਮੇਰੇ ਰੱਬ—ਹੇ ਗੁਨਾਹ ਮੁਆਫ ਕਰਨ ਵਾਲੇ-ਦਾਤਾਂ ਬਖ਼ਸ਼ਣ ਵਾਲੇ-ਦੁੱਖ ਦੂਰ ਕਰਨ ਵਾਲੇ।

ਨਿਸ਼ਚੇ ਹੀ ਮੈਂ ਤੇਰੇ ਅੱਗੇ ਉਨ੍ਹਾਂ ਦੇ ਗੁਨਾਹ ਬਖ਼ਸ਼ਣ ਲਈ ਪ੍ਰਾਰਥਨਾ ਕਰਦਾ ਹਾਂ ਜਿਹੜੇ ਸ਼ਰੀਰਕ ਚੋਲਾ ਛੱਡ ਗਏ ਹਨ ਅਤੇ ਉੱਪਰ ਅਧਿਆਤਮਿਕ ਜਗਤ ਵੱਲ ਉੱਠ ਗਏ ਹਨ।

ਹੇ ਮੇਰੇ ਮਾਲਿਕ—ਉਨ੍ਹਾਂ ਨੂੰ ਅਪਰਾਧਾਂ ਥੀਂ ਪਵਿੱਤਰ ਕਰ—ਉਨ੍ਹਾਂ ਦੇ ਦੁੱਖ ਦੂਰ ਕਰ ਅਤੇ ਉਨ੍ਹਾਂ ਦੇ ਹਨ੍ਹੇਰੇ ਨੂੰ ਚਾਨਣ ਬਣਾ ਦੇਹ। ਉਨ੍ਹਾਂ ਦਾ ਖੁਸ਼ੀ ਦੇ ਬਾਗ ਵਿੱਚ ਪ੍ਰਵੇਸ਼ ਕਰਾ। ਉਨ੍ਹਾਂ ਦੀ ਸੁੱਚੇ ਤੋਂ ਸੁੱਚੇ ਜਲ ਨਾਲ ਮੈਲ ਧੋ ਅਤੇ ਉਨ੍ਹਾਂ ਨੂੰ ਉੱਚੇ ਤੋਂ ਉੱਚੇ ਸਿਖਰ ਤੇ ਆਪਣੀ ਮਹਿਮਾ ਦੇਖਣ ਦਾ ਅਧਿਕਾਰ ਦੇਹ।

—ਅਬਦੁਲ ਬਹਾ

ਕੁਝ ਹੋਰ ਪ੍ਰਾਰਥਨਾਵਾਂ

ਹੇ ਰੱਬ—ਮਨੁੱਖ ਜਾਤੀ ਵੱਲ ਤੇਰੇ ਪਿਆਰ ਦੇ ਪ੍ਰਗਟਾਅ ਲਈ ਤੇਰੀ ਸ਼ੋਭਾ ਹੋਵੇ। ਤੂੰ ਜਿਹੜਾ ਕਿ ਜੀਵਨ ਅਤੇ ਪ੍ਰਕਾਸ਼ ਹੈਂ—ਆਪਣੇ ਸੇਵਕਾਂ ਦੀ ਤੇਰੀ ਰਾਹ ਤੇ ਚੱਲਣ ਲਈ ਅਗਵਾਈ ਕਰ। ਸਾਨੂੰ ਆਪਣੀ ਪ੍ਰਾਪਤੀ ਨਾਲ ਧਨਵਾਨ ਬਣਾ ਅਤੇ ਤੈਨੂੰ ਛੱਡ, ਹੋਰ ਸਭ ਕੁਝ ਤੋਂ ਮੁਕਤ ਕਰ।

ਹੇ ਰੱਬ—ਸਾਨੂੰ ਆਪਣੇ ਏਕਤਵ ਦਾ ਗਿਆਨ ਦੇ ਅਤੇ ਆਪਣੀ ਏਕਤਾ ਦੀ ਸਮਝ ਬਖ਼ਸ਼ ਤਾਂ ਜੋ ਅਸਾਨੂੰ ਤੇਰੇ ਸਿਵਾਇ ਹੋਰ ਕੁਝ਼ ਨਾ ਦਿੱਸੇ। ਤੂੰ ਦਇਆਵਾਨ ਹੈਂ ਅਤੇ ਦਾਤਾਂ ਬਖ਼ਸ਼ਣਹਾਰ ਹੈਂ।

ਹੇ ਰੱਬ—ਆਪਣੇ ਪਿਆਰਿਆਂ ਦੇ ਦਿਲਾਂ ਅੰਦਰ ਆਪਣੇ ਪਿਆਰ ਦੀ ਅੱਗ ਭੜਕਾ—ਜਿਹੜੀ ਤੈਨੂੰ ਛੱਡ ਹੋਰ ਸਭਨਾਂ ਸ਼ੈਆਂ ਦੇ ਖਿਆਲ ਨੂੰ ਖੱਤਮ ਕਰ ਜਾਵੇ।

ਹੇ ਰੱਬ—ਆਪਣੀ ਉੱਚ ਸਦੀਵਤਾ ਸਾਡੇ ਤੇ ਪ੍ਰਗਟ ਕਰ - ਭਾਵ ਤੂੰ ਸਦਾ ਰਿਹਾ ਹੈਂ ਅਤੇ ਸਦਾ ਰਹੇਂਗਾ ਅਤੇ ਤੈਨੂੰ ਛੱਡ ਹੋਰ ਕੋਈ ਰੱਬ ਨਹੀਂ ਹੈ। ਨਿਸ਼ਚੇ ਹੀ ਸਾਨੂੰ ਤੇਰੇ ਵਿੱਚ ਹੀ ਸੁੱਖ ਅਤੇ ਸ਼ਕਤੀ ਪ੍ਰਾਪਤ ਹੋਵੇਗੀ।

—ਬਹਾਉੱਲਾ

ਹੇ ਮੇਰੇ ਰੱਬ—ਹੇ ਮੇਰੇ ਰੱਬ—ਆਪਣੇ ਸੇਵਕਾਂ ਦੇ ਦਿਲ ਮੇਲ ਅਤੇ ਆਪਣਾ ਮਹਾਨ ਮੰਤਵ ਉਹਨਾਂ ਤੇ ਪ੍ਰਗਟ ਕਰ। ਉਹ ਤੇਰੀਆਂ ਆਗਿਆਵਾਂ ਦਾ ਪਾਲਣ ਕਰਿਆ ਕਰਨ ਅਤੇ ਤੇਰੇ ਕਾਨੂੰਨ ਦੇ ਪਾਬੰਦ ਰਹਿਣ—ਹੇ ਰੱਬ—ਉਹਨਾਂ ਦੇ ਉੱਦਮ ਵਿੱਚ ਉਹਨਾ ਦਾ ਸਹਾਈ ਹੋ ਅਤੇ ਆਪਣੀ ਸੇਵਾ ਲਈ ਉਹਨਾ ਨੂੰ ਸ਼ਕਤੀ ਪ੍ਰਦਾਨ ਕਰ। ਹੇ ਰੱਬ—ਉਹਨਾਂ ਨੂੰ ਆਪਣੇ ਆਸਰੇ ਨਾ ਛੱਡ ਬਲਕਿ ਆਪਣੇ ਗਿਆਨ ਦੇ ਪ੍ਰਕਾਸ਼ ਨਾਲ ਉਹਨਾਂ ਦੇ ਕਦਮਾਂ ਦੀ ਅਗਵਾਹੀ ਕਰ ਅਤੇ ਆਪਣੇ ਪਿਆਰ ਨਾਲ ਉਹਨਾ ਦੇ ਮਨ ਪ੍ਰਸੰਨ ਕਰ। ਨਿਸ਼ਚੇ ਹੀ ਤੂੰ ਉਹਨਾ ਦਾ ਸਹਾਈ ਅਤੇ ਸੁਆਮੀ ਹੈਂ।

—ਬਹਾਉੱਲਾ

ਆਖ —ਹੇ ਰੱਬ—ਮੇਰੇ ਰੱਬ—ਮੇਰੇ ਸਿਰ ਨੂੰ ਨਿਆਂ ਦੇ ਮੁਕਟ ਨਾਲ ਸਜਾ ਅਤੇ ਮੇਰੀ ਕੰਨਪਟੀ ਨੂੰ ਸੁਨੀਤੀ ਦੇ ਗਹਿਣੇ ਨਾਲ ਸੁਆਰ। ਨਿਸ਼ਚੇ ਹੀ ਤੂੰ ਸਭਨਾਂ ਦਾਤਾਂ ਅਤੇ ਬਖ਼ਸ਼ਿਸ਼ਾਂ ਦਾ ਮਾਲਿਕ ਹੈਂ।

—ਬਹਾਉੱਲਾ

ਹੇ ਮੇਰੇ ਰੱਬ—ਮੈਂ ਤੇਰੇ ਪਰਮ ਸ਼ੋਭਾਵਾਨ ਨਾਂ ਦਾ ਵਾਸਤਾ ਦੇ ਕੇ ਮੇਰੀ ਉਸ ਕੰਮ ਵਿੱਚ ਸਹਾਇਤਾ ਕਰਨ ਲਈ ਪ੍ਰਾਰਥਨਾਂ ਕਰਦਾ ਹਾਂ ਜਿਸ ਨਾਲ ਤੇਰੇ ਸੇਵਕਾਂ ਦੇ ਕਾਰ ਵਿਹਾਰ ਵਿਚ ਉੱਨਤੀ ਹੋਵੇ ਅਤੇ ਤੇਰੇ ਨਗਰ ਖੁਸ਼ਹਾਲ ਹੋ ਜਾਣ। ਬੇਸ਼ਕ ਤੂੰ ਸਭਨਾਂ ਸ਼ੈਆਂ ਤੇ ਸਮਰਥ ਹੈਂ।

—ਬਹਾਉੱਲਾ

ਰੱਬ ਕਰੇ ਕਿ ਏਕਤਾ ਦਾ ਪ੍ਰਕਾਸ਼ ਸਾਰੀ ਪ੍ਰਿਥਵੀ ਨੂੰ ਢਕ ਲਵੇ ਅਤੇ ਉਸ ਦੇ ਸਭਨਾਂ ਲੋਕਾਂ ਦੇ ਮੱਥਿਆਂ ਤੇ ਇਹ ਮੋਹਰ ਲਗ ਜਾਵੇ : "ਬਾਦਸ਼ਾਹਤ ਰੱਬ ਦੀ ਹੈ"

—ਬਹਾਉੱਲਾ

ਕੀ ਰੱਬ ਦੇ ਸਿਵਾਇ ਕੋਈ ਮੁਸ਼ਕਿਲਾਂ ਹੱਲ ਕਰਨ ਵਾਲਾ ਹੈ? ਆਖ —ਰੱਬ ਦੀ ਉਸਤਤ ਹੋਵੇ। ਉਹ ਰੱਬ ਹੈ। ਸੱਭੇ ਉਸ ਦੇ ਸੇਵਕ ਹਨ ਅਤੇ ਸੱਭੇ ਉਸ ਦੇ ਹੁਕਮ ਦੇ ਪਾਬੰਦ ਹਨ।

—ਬਾਬ

ਹੇ ਰੱਬ—ਮੇਰੀ ਆਤਮਾ ਨੂੰ ਮੁੜ ਤਾਜ਼ਗੀ ਅਤੇ ਆਨੰਦ ਬਖ਼ਸ਼। ਮੇਰੇ ਦਿਲ ਨੂੰ ਪਵਿੱਤਰ ਕਰ ਦੇਹ। ਮੇਰੀਆਂ ਸ਼ਕਤੀਆਂ ਨੂੰ ਪ੍ਰਕਾਸ਼ਮਾਨ ਕਰ ਦੇ। ਮੈਂ ਆਪਣੇ ਸੱਭੇ ਕਾਰ-ਵਿਹਾਰ ਤੇਰੇ ਹੱਥ ਸੌਂਪਦਾ ਹਾਂ। ਤੂੰ ਮੇਰਾ ਪਥ ਪ੍ਰਦਰਸ਼ਕ ਅਤੇ ਆਸਰਾ ਹੈਂ। ਮੈਂ ਹੁਣ ਦਿਲਗੀਰ ਅਤੇ ਦੁਖੀ ਨਹੀਂ ਰਹਾਂਗਾ। ਮੈਂ ਇੱਕ ਪ੍ਰਸੰਨ ਅਤੇ ਆਨੰਦਿਤ ਹਸਤੀ ਬਣ ਜਾਵਾਂਗਾ। ਹੇ ਰੱਬ—ਹੁਣ ਮੈਂ ਚਿੰਤਾ ਵਿਚ ਡੁੱਬਿਆ ਨਹੀਂ ਰਹਾਂਗਾ—ਨਾਂ ਹੀ ਕਸ਼ਟ ਦੁਆਰਾ ਆਪਣੇ ਆਪ ਨੂੰ ਜਿਚ ਹੋਣ ਦਿਆਂਗਾ। ਮੈਂ ਜੀਵਨ ਦੀਆਂ ਬੇਸੁਆਦ ਗੱਲਾਂ ਦੇ ਵਰਨਣ ਵਿੱਚ ਹੀ ਨਹੀਂ ਲੱਗਿਆ ਰਹਾਂਗਾ।

ਹੇ ਰੱਬ—ਤੂੰ ਮੇਰਾ ਮੇਰੇ ਨਾਲੋਂ ਭੀ ਵਧੇਰੇ ਹਿਤੂ ਹੈਂ। ਹੇ ਮਾਲਿਕ—ਮੈਂ ਆਪਣੇ ਆਪ ਨੂੰ ਤੈਨੂੰ ਸਮਰਪਣ ਕਰਦਾ ਹਾਂ।

—ਅਬਦੁਲ ਬਹਾ

ਹੇ ਮੇਰੇ ਮਾਲਿਕ—ਮੇਰੇ ਪ੍ਰੀਤਮ—ਮੇਰੀ ਕਾਮਨਾ—ਮੇਰੇ ਇਕੱਲ ਵਿਚ ਮੇਰਾ ਸਾਥ ਦੇਹ ਅਤੇ ਪ੍ਰਦੇਸ ਵਿਚ ਮੇਰਾ ਸਾਥੀ ਬਣ-ਮੇਰਾ ਗ਼ਮ ਦੂਰ ਕਰ। ਮੈਨੂੰ ਆਪਣੀ ਸੁੰਦਰਤਾ ਲਈ ਅਰਪਣ ਕਰਵਾ ਲੈ। ਮੈਨੂੰ ਆਪਣੇ ਸਿਵਾਇ ਹੋਰ ਸਭ ਥੀਂ ਮੋੜ ਲੈ। ਮੈਨੂੰ ਆਪਣੀ ਪਵਿਤੱਤਰਤਾ ਦੀ ਸੁਗੰਧ ਨਾਲ ਆਕਰਸ਼ਿਤ ਕਰ। ਮੈਨੂੰ ਆਪਣੇ ਰਾਜ ਵਿੱਚ ਉਨ੍ਹਾਂ ਦਾ ਸੰਗੀ ਬਣਾ ਦੇਹ ਜਿਹੜੇ ਤੈਨੂੰ ਛੱਡ ਹੋਰ ਸਭ ਤੋਂ ਨਿਆਰੇ ਹਨ ਅਤੇ ਤੇਰੇ ਧਰਮ ਲਈ ਕੰਮ ਕਰਨ ਦੀ ਖ਼ਾਤਿਰ ਉੱਠ ਖੜੇ ਹਨ। ਮੈਨੂੰ ਆਪਣੀਆਂ ਉਹਨਾ ਗਲੀਆਂ ਵਿੱਚੋਂ ਇੱਕ ਬਣਨ ਦੇ ਯੋਗ ਕਰ ਦੇਹ ਜੋ ਤੇਰੀ ਮਿਹਰ ਭਰੀ ਪ੍ਰਸੰਨਤਾ ਪ੍ਰਾਪਤ ਕਰ ਚੁੱਕੀਆਂ ਹਨ। ਨਿਸ਼ਚੈ ਹੀ ਤੂੰ ਦਿਆਲੂ ਹੈਂ—ਉਦਾਰ ਹੈਂ।

—ਅਬਦੁਲ ਬਹਾ

ਹੇ ਮਾਲਿਕ—ਮੇਰੇ ਰੱਬ—ਆਪਣੇ ਪਿਆਰੇ ਦੀ ਸਹਾਇਤਾ ਕਰ ਤਾਂ ਜੋ ਉਹ ਤੇਰੇ ਧਰਮ ਵਿਚ ਦ੍ਰਿੜ੍ਹ ਹੋਣ। ਤੇਰੇ ਰਾਹ ਤੇ ਚਲਣ। ਤੇਰੇ ਪੱਖ ਵਿੱਚ ਅਡੋਲ ਰਹਿਣ। ਹਉਮੈ ਅਤੇ ਉੱਤੇਜਨਾ ਦੇ ਧਾਰਿਆਂ ਨੂੰ ਠੱਲ੍ਹਣ ਅਤੇ ਰੱਬੀ ਮਾਰਗ ਦਰਸ਼ਨ ਰੂਪੀ ਪ੍ਰਕਾਸ਼ ਦੇ ਪਿੱਛੇ ਲੱਗਣ ਲਈ ਉਹਨਾਂ ਨੂੰ ਆਪਣੀ ਕਿਰਪਾਲਤਾ ਪ੍ਰਦਾਨ ਕਰ। ਤੂੰ ਸ਼ਕਤੀਮਾਨ ਹੈਂ—ਦਇਆਵਾਨ ਹੈਂ—ਸੈਭੰ ਹੈਂ—ਸਖ਼ੀ ਹੈਂ—ਤਰਸਵਾਨ ਹੈਂ—ਸਰਵਸਮਰਥ ਹੈਂ—ਸਰਵਦਾਤਾ ਹੈਂ।

—ਅਬਦੁਲ ਬਹਾ

ਮਾਲਿਕ—ਅਸੀਂ ਤਰਸਯੋਗ ਹਾਂ—ਅਸਾਨੂੰ ਆਪਣੀ ਦਇਆ ਦਾ ਦਾਨ ਦੇਹ। ਕੰਗਾਲ ਹਾਂ—ਆਪਣੀ ਦੌਲਤ ਦੇ ਸਾਗਰ ਵਿੱਚੋਂ ਅਸਾਨੂੰ ਹਿੱਸਾ ਬਖ਼ਸ਼। ਲੋੜਵੰਦ ਹਾਂ—ਸਾਡੀ ਲੋੜ ਪੂਰੀ ਕਰ। ਖੁਆਰ ਹਾਂ—ਸਾਨੂੰ ਆਪਣੀ ਸ਼ੋਭਾ ਦੇਹ। ਹਵਾ ਵਿੱਚ ਉਡਦੇ ਪੰਛੀ ਅਤੇ ਮੈਦਾਨ ਵਿੱਚ ਫਿਰਦੇ ਪਸ਼ੂ ਰੋਜ਼ ਤੇਰੇ ਪਾਸੋਂ ਆਪਣਾ ਭੋਜਨ ਪ੍ਰਾਪਤ ਕਰਦੇ ਹਨ ਅਤੇ ਸਭਨਾਂ ਜੀਵਾਂ ਨੂੰ ਤੇਰੀ ਸੁਰੱਖਿਆ ਅਤੇ ਪਿਆਰ ਭਰੀ ਦਇਆ ਵਿੱਚ ' ਹਿੱਸਾ ਮਿਲਦਾ ਹੈ।

ਇਸ ਨਿਰਬਲ ਨੂੰ ਆਪਣੀ ਅਦਭੁਤ ਕ੍ਰਿਪਾਲਤਾ ਤੋਂ ਵਾਂਝਿਆਂ ਨਾ ਰੱਖ ਅਤੇ ਜੀਵਨ ਨਿਰਵਾਹ ਦੀਆਂ ਵਸਤਾਂ ਵਿੱਚ ਵਾਧਾ ਬਖ਼ਸ਼ ਤਾਂ ਜੋ ਅਸੀਂ ਤੇਰੇ ਸਿਵਾਇ ਕਿਸੇ ਹੋਰ ਤੇ ਨਿਰਭਰ ਨਾ ਹੋਈਏ। ਕੇਵਲ ਤੇਰੇ ਨਾਲ ਹੀ ਧਿਆਨ ਜੋੜੀਏ। ਤੇਰੇ ਰਾਹ ਤੇ ਚੱਲੀਏ ਅਤੇ ਤੇਰੇ ਰਹਿਮਾਂ ਦੀ ਘੋਸ਼ਣਾ ਕਰੀਏ। ਤੂੰ ਸਰਵਸ਼ਕਤੀਮਾਨ ਹੈਂ ਅਤੇ ਸਾਰੀ ਮਨੁੱਖ ਜਾਤੀ ਨੂੰ ਪਿਆਰ ਕਰਨ ਅਤੇ ਰਿਜ਼ਕ ਦੇਣ ਵਾਲਾ ਹੈਂ।

—ਅਬਦੁਲ ਬਹਾ

ਹੇ ਮਾਲਿਕ—ਅਸੀਂ ਨਿਰਬਲ ਹਾਂ—ਸਾਨੂੰ ਬਲ ਦੇਹ। ਹੇ ਰੱਬ—ਅਸੀਂ ਅਨਜਾਣ ਹਾਂ—ਸਾਨੂੰ ਸੋਝਵਾਨ ਕਰ। ਹੇ ਮਾਲਿਕ—ਅਸੀਂ ਕੰਗਾਲ ਹਾਂ—ਸਾਨੂੰ ਧਨਵਾਨ ਬਣਾ। ਹੇ ਰੱਬ—ਅਸੀਂ ਮੁਰਦੇ ਹਾਂ—ਸਾਡੇ ਵਿੱਚ ਜਾਨ ਪਾ। ਹੇ ਮਾਲਿਕ—ਅਸੀਂ ਨਿਰੇ ਨਿਮਾਣੇ ਹਾਂ—ਸਾਨੂੰ ਆਪਣੇ ਰਾਜ

ਵਿੱਚ ਸ਼ੋਭਾ ਦੇ। ਹੇ ਮਾਲਿਕ—ਜੇ ਤੂੰ ਸਾਡਾ ਸਹਾਈ ਹੋਇਓਂ ਤਾਂ ਅਸੀਂ ਜਗਮਗ ਕਰਦੇ ਤਾਰਿਆਂ ਵਾਂਗ ਹੋ ਜਾਵਾਂਗੇ ਜੇ ਤੂੰ ਸਾਡੀ ਸਹਾਇਤਾ ਨਾ ਕੀਤੀ ਤਾਂ ਅਸੀਂ ਧਰਤੀ ਤੋਂ ਭੀ ਨੀਵੇਂ ਹੋ ਜਾਵਾਂਗੇ। ਹੇ ਮਾਲਿਕ—ਸਾਨੂੰ ਸ਼ਕਤੀ ਦੇ। ਹੇ ਰੱਬ—ਸਾਨੂੰ ਜਿੱਤ ਬਖ਼ਸ਼। ਹੇ ਰੱਬ—ਸਾਨੂੰ ਹਉਮੈ ਨੂੰ ਜਿੱਤਣ ਅਤੇ ਵਾਸਨਾ ਤੇ ਕਾਬੂ ਪਾਉਣ ਦੇ ਯੋਗ ਬਣਾ। ਹੇ ਮਾਲਿਕ—ਸਾਨੂੰ ਭੌਤਿਕ ਜਗਤ ਦੀ ਗੁਲਾਮੀ ਤੋਂ ਮੁਕਤ ਕਰ। ਹੇ ਮਾਲਿਕ—ਆਪਣੀ ਪਵਿੱਤਰ ਆਤਮਾ ਦੇ ਸਾਹ ਨਾਲ ਸਾਨੂੰ ਜਿਉਂਦੇ ਕਰ ਤਾਂ ਜੋ ਅਸੀਂ ਤੇਰੀ ਸੇਵਾ ਲਈ ਉੱਠ ਖਲੋਈਏ। ਤੇਰੀ ਬੰਦਗੀ ਵਿੱਚ ਰੁੱਝ ਜਾਈਏ ਅਤੇ ਤੇਰੇ ਰਾਜ ਵਿੱਚ ਸੱਚੇ ਤੋਂ ਸੱਚੇ ਦਿਲ ਨਾਲ ਉੱਦਮ ਕਰੀਏ। ਹੇ ਮਾਲਿਕ—ਤੂੰ ਸ਼ਕਤੀਮਾਨ ਹੈਂ। ਹੇ ਰੱਬ ਤੂੰ ਖਿਮਾਂਵਾਨ ਹੈਂ। ਹੇ ਮਾਲਿਕ—ਤੂੰ ਤਰਸਵਾਨ ਹੈਂ।

—ਅਬਦੁਲ ਬਹਾ

ਹੇ ਰੱਬ—ਮੇਰੇ ਰੱਬ—ਆਪਣੇ ਵਿਸ਼ਵਾਸ਼ ਯੋਗ ਸੇਵਕਾਂ ਦੀ ਹਉਮੈ ਅਤੇ ਉੱਤੇਜਨਾ ਦੇ ਔਗੁਣਾਂ ਤੋਂ ਰੱਖਿਆ ਕਰ। ਆਪਣੀ ਪਿਆਰ ਭਰੀ ਮਿਹਰ ਦੀ ਚੌਕਸ ਅੱਖ ਨਾਲ ਉਹਨਾਂ ਨੂੰ ਸਭ ਵੈਰ-ਭਾਵ-ਘਿਰਣਾ ਅਤੇ ਈਰਖਾ ਤੋਂ ਬਚਾ। ਉਹਨਾਂ ਨੂੰ ਆਪਣੀ ਸੰਭਾਲ ਤੇ ਅਛੇਦ ਕਿਲ੍ਹੇ ਵਿੱਚ ਸ਼ਰਣ ਦੇਹ ਅਤੇ ਸ਼ੰਕਾ ਦੇ ਤੀਰਾਂ ਤੋਂ ਬਚਾ ਕੇ ਉਹਨਾ ਨੂੰ ਆਪਣੇ ਪ੍ਰਤਾਪੀ ਚਿੰਨ੍ਹਾਂ ਦਾ ਪ੍ਰਤੱਖ ਰੂਪ ਬਣਾ।

ਆਪਣੇ ਰੱਬੀ ਏਕਤਵ ਰੂਪੀ ਪੂਰਬ ਚੋਂ ਨਿਕਲਦੀਆਂ ਨੂਰਾਨੀ ਕਿਰਨਾ ਨਾਲ ਉਹਨਾ ਦੇ ਚਿਹਰਿਆਂ ਨੂੰ ਪ੍ਰਕਾਸ਼ਮਾਨ ਕਰ। ਆਪਣੇ ਪਵਿੱਤਰ ਰਾਜ ਤੋਂ ਪ੍ਰਗਟ ਹੋਏ ਪਦਾਂ ਨਾਲ ਉਹਨਾ ਦੇ ਮਨ ਪ੍ਰਸੰਨ ਕਰ—ਅਤੇ ਪ੍ਰਤਾਪ ਦੇ ਰਾਜ ਵਿੱਚੋਂ ਆਉਣ ਵਾਲੀ ਸਰਵ-ਸ਼ਾਸਕ ਸ਼ਕਤੀ ਨਾਲ ਉਹਨਾਂ ਦੇ ਪਠਿੱਆਂ ਨੂੰ ਬਲਵਾਨ ਕਰ। ਤੂੰ ਸਰਵਦਾਤਾ—ਰੱਖਿਅਕ—ਸਰਵ-ਸ਼ਕਤੀਮਾਨ ਅੜੇ ਦਇਆਵਾਨ ਹੈਂ।

—ਅਬਦੁਲ ਬਹਾ

ਹੇ ਰੱਬ—ਹੇ ਰੱਬ—ਇਹ ਖੰਭ ਟੁਟਿੱਆ ਪੰਛੀ ਹੈ ਅਤੇ ਇਸ ਦੀ ਉੜਾਨ ਬੜੀ ਧੀਮੀ ਹੈ। ਇਸ ਦੀ ਸਹਾਇਤਾ ਕਰ ਤਾਂ ਜੋ ਇਹ ਖੁਸ਼ਹਾਲੀ ਅਤੇ ਨਿਰਵਾਣ ਦੀ ਟੀਸੀ ਵੱਲ ਉਡਾਰੀ ਮਾਰ ਸਕੇ। ਅਤਿਅੰਤ ਖੁਸ਼ੀ ਅਤੇ ਪ੍ਰਸੰਨਤਾ ਨਾਲ ਅਸੀਮ ਆਕਾਸ਼ ਵਿਚ ਉਡਦਾ ਫਿਰੇ—ਸਾਰੇ ਖੰਡਾਂ ਵਿੱਚ ਤੇਰੇ ਸਰਵ-ਸ੍ਰੇਸ਼ਟ ਨਾਂ ਦਾ ਤਰਾਨਾ ਗਾਵੇ। ਉਸ ਕੂਕ ਨਾਲ ਕੰਨਾ ਨੂੰ ਆਨੰਦ ਮਗਨ ਅਤੇ ਰੱਬੀ ਅਗਵਾਈ ਦੇ ਚਿੰਨ੍ਹ ਵਿਖਾ ਕੇ ਅੱਖਾਂ ਨੂੰ ਰੌਸ਼ਨ ਕਰ ਦੇਵੇ।

ਹੇ ਮਾਲਿਕ—ਮੈਂ ਇੱਕੋ ਇੱਕ—ਕੱਲ ਮੁਕੱਲਾ ਅਤੇ ਮਿਸਕੀਨ ਹਾਂ। ਤੇਰੇ ਸਿਵਾਇ ਮੇਰਾ ਕੋਈ ਸਹਾਰਾ ਨਹੀਂ। ਤੇਰੇ ਬਿਨਾਂ ਮੇਰਾ ਕੋਈ ਸਹਾਇਕ ਨਹੀਂ ਅਤੇ ਤੈਨੂੰ ਛੱਡ ਕੇ ਕੋਈ ਆਸਰਾ ਨਹੀਂ। ਮੈਨੂੰ ਆਪਣੀ ਸੇਵਾ ਵਿੱਚ ਪੁਖ਼ਤਾ ਕਰ। ਆਪਣੇ ਦੇਵਦੂਤਾਂ ਦੇ ਦਲਾਂ ਨਾਲ ਮੇਰੀ ਸਹਾਇਤਾ ਕਰ। ਆਪਣੇ ਸੰਦੇਸ਼ ਦੇ ਪ੍ਰਸਾਰਣ ਵਿੱਚ ਮੈਨੂੰ ਜੇਤੂ ਬਣਾ- ਅਤੇ ਆਪਣੇ ਜੀਵਾਂ ਵਿੱਚ ਤੇਰੀ ਸਿਆਣਪ ਦਾ ਪਰਚਾਰ ਕਰਨ ਦੀ ਆਗਿਆ ਦੇਹ। ਨਿਸ਼ਚੈ ਹੀ ਤੂੰ ਨਿਰਬਲਾਂ ਦਾ ਸਹਾਈ ਅਤੇ ਛੋਟਿਆਂ ਦਾ ਰੱਖਿਅਕ ਹੈਂ ਅਤੇ ਨਿਸ਼ਚੈ ਹੀ ਤੂੰ ਸ਼ਕਤੀਮਾਨ-ਸਮਰਥ ਅਤੇ ਨਿਰਬਾਧ ਹੈਂ।

—ਅਬਦੁਲ ਬਹਾ

"ਬਹਾਉੱਲਾ ਦੇ ਗੂੜ੍ਹ ਵਾਕ" ਵਿਚੋਂ ਸੰਕਲਨ

ਹੇ ਹਸਤੀ ਦੇ ਪੁੱਤਰ

ਮੇਰਾ ਪਿਆਰ ਤੇਰਾ ਸੁਰਗ ਹੈ ਅਤੇ ਮੇਰਾ ਮਿਲਾਪ ਤੇਰੀ ਜੰਨਤ। ਇਸ ਵਿੱਚ ਦਾਖ਼ਲ ਹੋ ਜਾ, ਢਿੱਲ ਨਾਂ ਕਰ। ਅਸਾਡੇ ਆਕਾਸ਼ੀ ਰਾਜ ਅਤੇ ਅਸਾਡੀ ਉੱਚ ਅਮਲਦਾਰੀ ਵਿੱਚ ਇਹੀ ਤੇਰਾ ਨਸੀਬ ਮਿਥਿਆ ਗਿਆ ਹੈ।

ਹੇ ਆਤਮਾ ਦੇ ਪੁੱਤਰ

ਮੈਥੋਂ ਉਹ ਨਾਂ ਮੰਗ ਜਿਹੜਾ ਅਸੀਂ ਤੇਰੇ ਲਈ ਨਹੀਂ ਚਾਹੁੰਦੇ- ਸਗੋਂ ਜਿਸ ਦਾ ਅਸੀਂ ਤੇਰੇ ਲਈ ਹੁਕਮ ਦਿੱਤਾ ਹੈ ਉਸ ਤੇ ਸੰਤੁਸ਼ਟ ਰਹਿ—ਕਿਉਂ ਜੋ ਸੰਤ ਰੱਖੇਂ ਤਾਂ ਇਹੀ ਤੈਨੂੰ ਲਾਭਵੰਦ ਹੈ।

ਹੇ ਮਨੁੱਖ ਦੇ ਪੁੱਤਰ

ਜਦੋਂ ਤੀਕ ਤੂੰ ਆਪ ਪਾਪੀ ਹੈਂ ਹੋਰਨਾ ਦੇ ਪਾਪਾਂ ਬਾਰੇ ਆਵਾਈਆਂ ਨਾ ਉਡਾ। ਜੇ ਤੂੰ ਇਸ ਹੁਕਮ ਨੂੰ ਉਲੰਘਿਆ ਤਾਂ ਲਾਨ੍ਹਤੀ ਹੋਵੇਂਗਾ ਅਤੇ ਇਸ ਦਾ ਸਾਖੀ ਮੈਂ ਹਾਂ।

ਹੇ ਮਨੁੱਖ ਦੇ ਪੁੱਤਰ

ਮੇਰਾ ਦਾਸ ਤੈਥੀਂ ਕੁਝ ਮੰਗੇ ਤਾਂ ਨਾਹ ਨਾ ਕਰੀ, ਕਿਉਂ ਜੋ ਉਸ ਦਾ ਚੇਹਰਾ ਮੇਰਾ ਚਿਹਰਾ ਹੈ। ਇਸ ਕਾਰਨ ਮੈਥੀਂ ਸੰਗ।

ਹੇ ਹਸਤੀ ਦੇ ਪੁੱਤਰ

ਇਸ ਤੋਂ ਪਹਿਲਾਂ ਕਿ ਤੇਰੀ ਲੇਖੇ ਲਈ ਤਲਬੀ ਹੋਵੇ, ਆਪਣਾ ਲੇਖਾ ਰੋਜ਼ ਕਰਿਆ ਕਰ, ਕਿਉਂ ਜੋ ਮੌਤ ਦੱਸੇ ਬਿਨਾਂ, ਅਚਾਨਕ ਹਮਲਾ ਕਰੇਗੀ ਅਤੇ ਆਪਣੇ ਅਮਲਾਂ ਦਾ ਲੇਖਾ ਦੇਣ ਲਈ ਤੈਨੂੰ ਪੁਕਾਰਿਆ ਜਾਵੇਗਾ।

ਹੇ ਸਰਬ ਉੱਚ ਦੇ ਪੁੱਤਰ

ਮੈਂ ਤਾਂ ਮੌਤ ਨੂੰ ਤੇਰੇ ਲਈ ਖ਼ੁਸ਼ੀ ਦਾ ਦੂਤ ਬਣਾਇਆ ਹੈ। ਤੂੰ ਦੁੱਖ ਕਿਉਂ ਮੰਨਦਾ ਹੈ? ਮੈਂ ਤਾਂ ਪ੍ਰਕਾਸ਼ ਨੂੰ ਤੇਰੇ ਤੇ ਆਪਣੀ ਸ਼ੋਭਾ ਖਿਲਾਰਨ ਲਈ ਬਣਾਇਆ ਹੈ। ਤੂੰ ਆਪਣੇ ਆਪ ਨੂੰ ਇਸ ਥੀਂ ਕਜਦਾ ਕਿਉਂ ਹੈਂ?

ਹੇ ਆਤਮਾ ਦੇ ਪੁੱਤਰ

ਜੋਤੀ ਦੀ ਖੁਸ਼ਖਬਰੀ ਨਾਲ ਮੈਂ ਤੇਰਾ ਸੁਆਗਤ ਕਰਦਾ ਹਾਂ: ਖੁਸ਼ੀ ਮਨਾ। ਪਵਿੱਤਰਤਾ ਦੇ ਆਂਗਣ ਵਿੱਚ ਮੈਂ ਤੈਨੂੰ ਬੁਲਾਉਂਦਾ ਹਾਂ। ਇਸ ਵਿੱਚ ਵਸ ਤਾਂ ਜੋ ਸਦਾ ਸਦਾ ਲਈ ਚੈਨ ਨਾਲ ਰਹੇਂ।

ਹੇ ਮਨੁੱਖ ਦੇ ਪੁੱਤਰ

ਮੇਰਾ ਰੂਪ ਪਿਆਰਾ ਹੈ ਤਾਂ ਮੇਰੇ ਹੁਕਮਾਂ ਦੀ ਉਪੇਖਿਆ ਨਾ ਕਰੀਂ ਅਤੇ ਮੇਰੀ ਮਿਹਰ ਅਤੇ ਰਜ਼ਾ ਹਾਸਲ ਕਰਨਾ ਚਾਹੇਂ ਤਾਂ ਮੇਰੀ ਨਸੀਹਤ ਨਾਂ ਭੁੱਲੀਂ।

ਹੇ ਮਨੁੱਖ ਦੇ ਪੁੱਤਰ

ਜੇ ਤੇਰੇ ਤੇ ਖ਼ੁਸ਼ਹਾਲੀ ਆ ਜਾਵੇ ਤਾਂ ਖ਼ੁਸ਼ੀਆਂ ਨਾ ਮਨਾਈਂ ਅਤੇ ਜੇ ਗਿਰਾਵਟ ਆ ਜਾਵੇ ਤਾਂ ਦੁਖੀ ਨਾ ਹ ਵੀਂ; ਕਿਉਂ ਜੋ ਦੋਵੇਂ ਲੰਘ ਜਾਣਗੀਆਂ। ਇਹ ਰਹਿਣ ਵਾਲੀਆਂ ਨਹੀਂ।

ਹੇ ਹਸਤੀ ਦੇ ਪੁੱਤਰ

ਜੇ ਗ਼ਰੀਬੀ ਤੈਨੂੰ ਆ ਘੇਰੇ ਤਾਂ ਉਦਾਸ ਨਾ ਹੋਈ; ਕਿਉਂ ਜੋ ਸਮਾਂ ਆਉਣ ਤੇ ਦੌਲਤ ਦਾ ਮਾਲਿਕ ਆਪ ਤੇਰੇ ਪਾਸ ਆਵੇਗਾ। ਨਿਰਾਦਰ ਤੋਂ ਨਾਂ ਡਰੀਂ, ਕਿਉਂ ਜੋ ਇਕ ਦਿਨ ਪ੍ਰਤਾਪ ਤੇਰੇ ਤੇ ਆਣ ਟਿਕੇਗਾ।

ਹੇ ਹਸਤੀ ਦੇ ਪੁੱਤਰ

ਇਸ ਦੁਨੀਆਂ ਵਿੱਚ ਨਾ ਰੁੱਝ, ਕਿਉਂ ਜੋ ਅਸੀਂ ਅੱਗ ਨਾਲ ਸੋਨੇ ਨੂੰ ਪਰਖਦੇ ਹਾਂ ਅਤੇ ਸੋਨੇ ਨਾਲ ਆਪਣੇ ਬੰਦਿਆਂ ਨੂੰ।

ਹੇ ਹਸਤੀ ਦੇ ਪੁੱਤਰ

ਤੇਰਾ ਦਿਲ ਮੇਰਾ ਘਰ ਹੈ, ਮੇਰੇ ਉਤਾਰੇ ਲਈ ਇਸ ਨੂੰ ਸ਼ੁੱਧ ਕਰ। ਤੇਰੀ ਆਤਮਾ ਮੇਰੇ ਪ੍ਰਗਟਾਅ ਦੀ ਥਾਂ ਹੈ, ਮੇਰੇ ਪ੍ਰਕਾਸ਼ ਲਈ ਇਸ ਨੂੰ ਸਾਫ ਕਰ।

ਹੇ ਮਿੱਤਰ

ਆਪਣੇ ਦਿਲ ਦੇ ਬਾਗ਼ ਵਿੱਚ ਪਿਆਰ ਦੇ ਗੁਲਾਬ ਨੂੰ ਛੱਡ ਕੇ ਹੋਰ ਕੋਈ ਬੂਟਾ ਨਾ ਲਾ ਅਤੇ ਭਾਵਨਾ ਅਤੇ ਕਾਮਨਾ ਰੂਪੀ ਬੁਲਬੁਲ ਉੱਪਰੋਂ ਆਪਣੀ ਪਕੜ ਢਿੱਲੀ ਨਾ ਹੋਣ ਦੇਹ। ਨਿਆਂਕਾਰਾਂ ਦੀ ਸੰਗਤ ਨੂੰ ਵਡਮੁੱਲੀ ਜਾਣ ਅਤੇ ਬਦਕਾਰਾਂ ਦਾ ਸਾਥ ਛੱਡ ਦੇਹ।

ਹੇ ਮਿੱਟੀ ਦੇ ਪੁੱਤਰ

ਆਪਣੀਆਂ ਅੱਖੀਆਂ ਨੂੰ ਅੰਨ੍ਹਿਆਂ ਕਰ ਲੈ ਤਾਂ ਜੋ ਤੂੰ ਮੇਰਾ ਰੂਪ ਦੇਖ ਸਕੇਂ; ਆਪਣੇ ਕੰਨ ਬੰਦ ਕਰ ਲੈ ਤਾਂ ਜੋ ਮੇਰੀ ਆਵਾਜ਼ ਦਾ ਮਧੁਰ ਸੰਗੀਤ ਸੁਣ ਸੱਕੇ; ਸਾਰੇ ਇਲਮ ਤੋਂ ਖ਼ਾਲੀ ਹੋ ਜਾ ਤਾਂ ਜੋ ਮੇਰੇ ਗਿਆਨ 'ਚੋਂ ਹਿੱਸਾ ਵੰਡਾ ਸਕੇ, ਅਤੇ ਦੌਲਤ ਤੋਂ ਸ਼ੁੱਧ ਹੋ ਜਾ ਤਾਂ ਜੋ ਮੇਰੀ ਅਨੰਤ ਧਨ ਸੰਪੱਤੀ ਦੇ ਸਮੁੰਦਰ 'ਚੋਂ ਸਥਾਈ ਭਾਗ ਪ੍ਰਾਪਤ ਕਰ ਸਕੇਂ। ਭਾਵ ਇਹ ਹੈ ਕਿ ਮੇਰੇ ਰੂਪ ਨੂੰ ਛੱਡ ਕੇ ਸਭ ਕੁਝ ਵਲੋਂ ਅੰਨ੍ਹਾ, ਮੇਰੇ ਸ਼ਬਦ ਤੋਂ ਸਿਵਾ ਸਭ ਤੋਂ ਬੋਲਾ ਅਤੇ ਮੇਰੇ ਗਿਆਨ ਤੋਂ ਇਲਾਵਾ ਸਾਰੇ ਇਲਮ ਤੋਂ ਖ਼ਾਲੀ ਹੋ ਜਾ, ਤਾਂ ਜੋ ਤੂ ਸਾਫ ਨਜ਼ਰ, ਸ਼ੁੱਧ ਹਿਰਦੇ ਅਤੇ ਇਕਾਗਰ ਕੰਨਾਂ ਨਾਲ ਮੇਰੀ ਪਵਿੱਤਰਤਾ ਦੇ ਦਰਬਾਰ ਵਿਚ ਦਾਖ਼ਲ ਹੋ ਸਕੇਂ।

ਹੇ ਚਲਦੀ ਫਿਰਦੀ ਮਿੱਟੀ

ਮੈਂ ਤੇਰੇ ਨਾਲ ਮਿਲਾਪ ਲੋੜਦਾ ਹਾਂ ਪਰ ਤੂੰ ਮੇਰੇ ਵਿਚ ਵਿਸ਼ਵਾਸ ਨਹੀਂ ਰੱਖਣਾ ਚਾਹੁੰਦਾ। ਤੇਰੀ ਅਵੱਗਿਆ ਦੀ ਤਲਵਾਰ ਨੇ ਤੇਰੀ ਆਸ਼ਾ ਦੇ ਰੁੱਖ ਨੂੰ ਵੱਢ ਸੁੱਟਿਆ ਹੈ। ਮੈਂ ਹਰ ਸਮੇਂ ਨੇੜੇ ਹਾਂ ਪਰ ਤੂੰ ਹਮੇਸ਼ਾਂ ਮੈਥੀਂ ਦੂਰ ਹੈਂ। ਮੈਂ ਤੇਰੇ ਲਈ ਅਮਿੱਟ ਸ਼ੋਭਾ ਚੁਣੀ ਹੈ ਪਰ ਤੂੰ ਆਪਣੀ ਖ਼ਾਤਰ ਅਸੀਮ ਕਲੰਕ ਪਸੰਦ ਕੀਤਾ ਹੈ। ਅਜੇ ਵੀ ਸਮਾਂ ਹੈ, ਪਰਤ ਆ ਅਤੇ ਆਪਣੇ ਮੌਕੇ ਤੋਂ ਨਾ ਖੁੰਝ।

ਹੇ ਧਰਤੀ ਦੇ ਪੁੱਤਰ

ਜੇ ਮੈਨੂੰ ਚਾਹੁੰਦਾ ਹੈਂ ਤਾਂ ਮੇਰੇ ਸਿਵਾ ਕਿਸੇ ਨੂੰ ਨਾ ਚਾਹ, ਅਤੇ ਜੇ ਮੇਰੇ ਰੂਪ ਨੂੰ ਦੇਖਣਾ ਚਾਹੁੰਦਾ ਹੈਂ ਤਾਂ ਦੁਨੀਆਂ ਅਤੇ ਦੁਨੀਆਂ ਦੇ ਸਾਰੇ ਪਦਾਰਥਾਂ ਵਲੋਂ ਅੱਖੀਆਂ ਮੀਚ ਲੈ, ਕਿਉਂ ਜੋ ਮੇਰੀ ਰਜ਼ਾ ਅਤੇ ਕਿਸੇ ਹੋਰ ਦੀ ਮਰਜ਼ੀ ਅੱਗ ਅਤੇ ਪਾਣੀ ਵਾਂਗ ਇੱਕ ਦਿਲ ਵਿੱਚ ਇਕੱਠੀਆਂ ਨਹੀਂ ਰਹਿ ਸਕਦੀਆਂ।

ਹੇ ਆਪਣਿਆਂ ਤੋਂ ਪਰਾਇਆ ਹੋਣ ਵਾਲੇ

ਤੇਰੇ ਦਿਲ ਦਾ ਦੀਵਾ ਮੇਰੀ ਕੁਦਰਤ ਦੇ ਹੱਥ ਨੇ ਬਾਲਿਆ ਹੈ, ਹਉਮੈ ਅਤੇ ਲਾਲਸਾ ਦੀ ਵਿਰੋਧੀ ਹਵਾ ਨਾਲ ਇਸ ਨੂੰ ਬੁਝਾਵੀਂ ਨਾ। ਤੇਰੇ ਸਾਰੇ ਰੋਗਾਂ ਦਾ ਵੈਦ ਹੈ ਮੇਰਾ ਸਿਮਰਨ, ਇਸ ਨੂੰ ਭੁੱਲੀਂ ਨਾ। ਮੇਰੇ ਪਿਆਰ ਨੂੰ ਆਪਣੀ ਦੌਲਤ ਬਣਾਈਂ ਅਤੇ ਇਸ ਨੂੰ ਆਪਣੀ ਅੱਖੀਆਂ ਦੀ ਜੋਤ ਅਤੇ ਆਪਣੇ ਜੀਵਨ ਵਾਂਗ ਪਿਆਰਾ ਜਾਣੀਂ।

ਹੇ ਧਰਤੀ ਦੇ ਧਨਵਾਨ

ਤੁਹਾਡੇ ਵਿਚਕਾਰ ਰਹਿੰਦੇ ਗ਼ਰੀਬ ਮੇਰੀ ਅਮਾਨਤ ਹਨ, ਮੇਰੀ ਅਮਾਨਤ ਦੀ ਸੰਭਾਲ ਕਰ ਅਤੇ ਆਪਣੇ ਆਰਾਮ ਤੇ ਹੀ ਨੀਤ ਨਾ ਲਾਈ ਰੱਖ ।

ਹੇ ਕਾਮਨਾ ਦੇ ਪੁੱਤਰ

ਆਪਣੇ ਆਪ ਨੂੰ ਦੌਲਤ ਦੀ ਭਿੱਟ ਤੋਂ ਸੁੱਚਾ ਕਰ ਲੈ ਅਤੇ ਪੂਰਨ ਸ਼ਾਂਤੀ ਨਾਲ ਗ਼ਰੀਬੀ ਦੇ ਰਾਜ ਵਿੱਚ ਅਗਾਂਹ ਵਧ, ਤਾਂ ਜੋ ਤੂੰ ਨਿਰਲੇਪਤਾ ਦੇ ਸੋਮੇ ਤੋਂ ਅਮਰ ਜੀਵਨ ਦੀ 'ਅਮ੍ਰਿਤਾ' ਦੇ ਘੁੱਟ ਭਰ ਸਕੇਂ।

ਹੇ ਮੇਰੀ ਗੋਲੀ ਦੇ ਪੁੱਤਰ

ਕਰੁਣਾਮਈ ਦੀ ਜ਼ਬਾਨ 'ਚੋਂ ਵਗ ਰਹੀ ਈਸ਼ਵਰੀ ਰਹੱਸ ਰੂਪੀ ਨਦੀ ਚੋਂ ਘੁੱਟ ਭਰ ਲੈ, ਅਤੇ ਈਸ਼ਵਰੀ ਵਾਕ ਦੇ ਪਹੁਫੁਟਾਲੇ' ਚੋਂ ਸਿਆਣਪ ਦੇ ਸੂਰਜ ਦੀ ਬੇਪਰਦਾ ਸ਼ੋਭਾ ਦੇਖ ਲੈ। ਦਿਲ ਦੀ ਸ਼ੁੱਧ ਭੂਈਂ ਵਿੱਚ ਮੇਰੀ ਰੱਬੀ ਸਿਆਣਪ ਦੇ ਬੀ ਬੀਜ ਲੈ ਅਤੇ ਉਹਨਾਂ ਨੂੰ ਵਿਸ਼ਵਾਸ਼ ਦੇ ਪਾਣੀ ਨਾਲ ਸਿੰਜ ਤਾਂ ਜੋ ਦਿਲ ਦੀ ਪਵਿੱਤਰ ਨਗਰੀ ਵਿੱਚ ਗਿਆਨ ਅਤੇ ਸਿਆਣਪ ਦੇ ਤਾਜ਼ਾ ਅਤੇ ਮੁਲਾਇਮ ਫੁੱਲ ਉੱਗ ਪੈਣ।

'ਬਹਾਉੱਲਾ' ਦੀਆਂ ਕੁਝ ਪੱਟੀਆਂ ਵਿੱਚ ' ਸੰਕਲਨ

ਮੈਂ ਸੱਚ ਆਖਦਾ ਹਾਂ—ਅੱਜ ਉਹ ਦਿਹਾੜਾ ਹੈ ਜਦ ਮਨੁੱਖ ਜਾਤੀ ਉਸਦਾ ਦਰਸ਼ਨ ਕਰ ਸਕਦੀ ਹੈ ਅਤੇ ਆਵਾਜ਼ ਸੁਣ ਸਕਦੀ ਹੈ ਜਿਸ ਦੇ ਆਉਣ ਦਾ ਬਚਨ ਦਿੱਤਾ ਗਿਆ ਸੀ। ਰੱਬ ਦੀ ਆਵਾਜ਼ ਉੱਠੀ ਹੈ ਅਤੇ ਉਸ ਦੇ ਚਿਹਰੇ ਦਾ ਨੂਰ ਉੱਭਰ ਕੇ ਮਨੁੱਖਾਂ ਦੇ ਸਾਹਮਣੇ ਆਇਆ ਹੈ। ਹਰੇਕ ਮਨੁੱਖ ਨੂੰ ਇਹ ਫੱਬਦਾ ਹੈ ਕਿ ਆਪਣੇ ਦਿਲ ਦੀ ਪੱਟੀ ਤੋਂ ਹਰੇਕ ਬੇਅਰਥ ਸ਼ਬਦ ਦਾ ਨਿਸ਼ਾਨ ਤੀਕ ਮਿਟਾ ਦੇਵੇ ਅਤੇ ਬੇਲਾਗ ਅਤੇ ਨਿਰਪੱਖ ਮਨ ਨਾਲ ਉਸ ਦੇ ਅੰਗਮ ਗਿਆਨ ਦੇ ਚਿੰਨ੍ਹਾਂ (ਰੱਬ ਵੱਲ ' ਲਾਏ ਗਏ) ਉਸ ਦੇ ਜੀਵਨ ਕਾਰਜ ਦੇ ਪ੍ਰਮਾਣਾਂ ਅਤੇ ਉਸ ਦੇ ਪ੍ਰਤਾਪ ਦੇ ਨਿਸ਼ਾਨਾਂ ਨੂੰ ਗਹੁ ਨਾਲ ਤੱਕੇ।

ਹੇ ਮਨੁੱਖਾਂ ਦੇ ਬੱਚਿਓ—ਰੱਬੀ ਧਰਮ ਅਤੇ ਮਤ ਨੂੰ ਜੀਵਨ ਸ਼ਕਤੀ ਦੇਣ ਵਾਲਾ ਮੂਲ ਮੰਤਵ ਹੈ। ਮਨੁੱਖ ਜਾਤੀ ਦੇ ਹਿਤਾਂ ਦੀ ਸੰਭਾਲ ਕਰਨਾ—ਏਕਤਾ ਦਾ ਪ੍ਰਸਾਰ ਕਰਨਾ ਅਤੇ ਪਿਆਰ ਅਤੇ ਸੰਗ ਸਾਥ ਦੀ ਭਾਵਨਾ ਨੂੰ ਤਕੜਿਆਂ ਕਰਨਾ। ਇਸ ਨੂੰ ਮਤਭੇਦ ਅਤੇ ਵਿਰੋਧ—ਨਫਰਤ ਅਤੇ ਦੁਸ਼ਮਣੀ ਦਾ ਸੋਮਾ ਨਾ ਬਣਨ ਦਿਓ।

ਇਹ ਸਿੱਧਾ ਰਸਤਾ ਹੈ—ਸਥਿਰ ਅਤੇ ਅਚੱਲ ਬੁਨਿਆਦ ਹੈ। ਇਸ ਬੁਨਿਆਦ ਤੇ ਜੋ ਕੁਝ ਭੀ ਉਸਰੇਗਾ ਦੁਨੀਆਂ ਦੇ ਉਲਟ ਫੇਰ ਅਤੇ ਢੋਹ ਸੰਜੋਗ ਉਸ ਦੀ ਮਜ਼ਬੂਤੀ ਨਹੀਂ ਘਟਾ ਸਕਦੇ—ਨਾ ਹੀ ਅਣਗਿਣਤ ਸਦੀਆਂ ਦਾ ਗੇੜ ਉਸ ਨੂੰ ਢਾਹ ਲਾ ਸਕੇਗਾ।

ਮੇਰੇ ਸ਼ਬਦਾਂ ਦੇ ਸਮੁੰਦਰ ਵਿੱਚ ਗੋਤਾ ਮਾਰੋ ਤਾਂ ਜੋ ਉਸ ਦੇ ਭੇਤ ਉਘਾੜ ਸੱਕੋ ਅਤੇ ਉਸ ਦੀਆਂ ਗਹਿਰਾਈਆਂ ਵਿੱਚ ਜਿਹੜੇ ਸਿਆਣਪ ਦੇ ਮੋਤੀ ਲੁਕੇ ਹਨ ਉਹਨਾ ਨੂੰ ਖੋਜ ਸੱਕੋ। ਧਿਆਨ ਰੱਖਿਓ—ਕਿਤੇ ਇਸ ਧਰਮ ਦੀ ਸੱਚਾਈ ਨੂੰ ਗ੍ਰਹਿਣ ਕਰਨ ਦੇ ਨਿਸ਼ਚੇ ਵਿੱਚ ਦੁਚਿੱਤੇ ਨਾ ਹੋ ਜਾਣਾ। ਇਸ ਧਰਮ ਰਾਹੀਂ ਰੱਬ ਦੀ ਸਮਰੱਥਾ ਦੀਆਂ ਸੰਭਾਵਨਾਵਾਂ ਪ੍ਰਗਟ ਹੋਈਆਂ ਹਨ ਅਤੇ ਉਸ ਦੀ ਪ੍ਰਭੁਸੱਤਾ ਸਥਾਪਿਤ ਹੋਈ ਹੈ। ਖੁਸ਼ੀ ਨਾਲ ਚਮਕਦੇ ਚਿਹਰੇ ਲੈ ਕੇ, ਉਤਾਵਲੇ ਹੋ ਕੇ, ਉਸ ਵੱਲ ਚਲੋ। ਇਹ ਅਟੱਲ ਰੱਬੀ ਧਰਮ ਹੈ ਜਿਹੜਾ ਪਹਿਲਾਂ ਭੀ ਸਦੀਵੀ ਸੀ—ਭਵਿੱਖ ਵਿੱਚ ਭੀ ਸਦੀਵੀ ਰਹੇਗਾ। ਜਿਹੜਾ ਖੋਜਦਾ ਹੈ ਇਸ ਨੂੰ ਪਾ ਲਵੇ—ਅਤੇ ਜਿਹੜਾ ਖੋਜਣ ਤੋਂ ਹੀ ਨਾਬਰ ਹੈ—ਉਸ ਬਾਰੇ—ਨਿਸ਼ਚੇ ਹੀ ਰੱਬ ਆਤਮ ਨਿਰਭਰ ਹੈ—ਆਪਣੇ ਜੀਵਾਂ ਦੀ ਲੋੜ ਤੋਂ ਉੱਪਰ ਹੈ।

ਆਖੋ : ਇਹ ਉਹ ਅਚੂਕ ਤੱਕੜੀ ਹੈ ਜਿਹੜੀ ਰੱਬ ਦੇ ਹੱਥ ਵਿੱਚ ਫੜੀ ਹੋਈ ਹੈ—ਜਿਸ ਵਿੱਚ ਉਹ ਸਾਰੇ ਜਿਹੜੇ ਆਕਾਸ਼ ਵਿੰਚ ਹਨ ਅਤੇ ਉਹ ਸਾਰੇ ਜਿਹੜੇ ਧਰਤੀ ਤੇ ਹਨ—ਤੁਲਦੇ ਹਨ ਅਤੇ ਉਹਨਾ ਦੇ ਨਸੀਬਾਂ ਦਾ ਨਿਰਣੈ ਹੁੰਦਾ ਹੈ—ਜੇ ਤੁਸੀਂ ਉਹਨਾਂ ਵਿੱਚੋਂ ਹੋ ਜਿਹੜੇ ਵਿਸ਼ਵਾਸ਼ ਰੱਖਦੇ ਹਨ ਅਤੇ ਇਸ ਸਚਾਈ ਨੂੰ ਮੰਨਦੇ ਹਨ।

ਆਖੋ : ਇਸ ਰਾਹੀਂ ਕੰਗਾਲ ਧਨੀ ਹੋਏ ਹਨ—ਵਿਦਵਾਨਾ ਨੂੰ ਗਿਆਨ ਪ੍ਰਾਪਤ ਹ ਇਆ ਹੈ ਅਤੇ ਜਿਗਿਆਸੂ ਰੱਬ ਦੀ ਹਜ਼ੂਰੀ ਤੀਕ ਉੱਪਰ ਉੱਠਣ ਦੇ ਯੋਗ ਹੋਏ ਹਨ। ਖਬਰਦਾਰ-ਇਸ ਨੂੰ ਆਪਣੇ ਵਿਚਕਾਰ ਮਤਭੇਦ ਦਾ ਕਾਰਨ ਨਾ ਬਣਾ ਬੈਠਣਾ। ਆਪਣੇ ਸਮਰੱਥ ਅਤੇ ਪਿਆਰ ਕਰਨ ਵਾਲੇ ਮਾਲਿਕ ਦੇ ਧਰਮ ਵਿੰਚ ਅਚੱਲ ਪਹਾੜ ਵਾਂਗ ਪੱਕੇ ਪੈਰੀਂ ਸਥਿਰ ਹੋ ਜਾਓ।

ਖੁਸ਼ਹਾਲੀ ਵਿੱਚ ਖੁਲ੍ਹ ਦਿਲਾ ਰਹਿ ਅਤੇ ਬਿਪਤਾ ਵਿੱਚ ਸ਼ੁਕਰ ਕਰ। ਆਪਦੇ ਗਵਾਂਢੀ ਦਾ ਵਿਸ਼ਵਾਸਪਾਤਰ ਬਣ ਅਤੇ ਉਸ ਵੱਲ ਖਿੜੇ ਮੱਥੇ ਮਿੱਤਰਾਂ ਵਾਂਗ ਤੱਕ। ਗ਼ਰੀਬਾਂ ਲਈ ਖ਼ਜਾਨਾ ਬਣ-ਧਨੀਆਂ ਨੂੰ ਉਹਨਾ ਦਾ ਕਰਤੱਵ ਸਮਝਾ। ਲੋੜਵੰਦ ਦੀ ਪੁਕਾਰ ਸੁਣ ਅਤੇ ਉੱਤਰ ਦੇਹ। ਦਿੱਤੇ ਬਚਨ ਦੀ ਪਵਿੱਤਰਤਾ ਕਾਇਮ ਰੱਖ। ਨਿਰਣਾ ਕਰਨ ਵਿੱਚ ਨਿਰਪੱਖ ਰਹਿ ਅਤੇ ਗੱਲ ਕਰਨ ਵਿੱਚ.ਸੁਚੇਤ। ਕਿਸੇ ਨਾਲ ਬੇ ਨਿਆਈਂ ਨਾ ਕਰ ਅਤੇ ਸਭਨਾਂ ਮਨੁੱਖਾਂ ਨਾਲ ਨਿਮਰਤਾ ਪੂਰਨ ਵਿਹਾਰ ਕਰ। ਜਿਹਨਾਂ ਦੇ ਰਾਹ ਵਿੱਚ ਹਨ੍ਹੇਰਾ ਹੈ ਉਹਨਾ ਲਈ ਦੀਵੇ ਵਾਂਗ ਹੋ। ਗ਼ਮ ਦੇ ਮਾਰਿਆਂ ਲਈ ਖ਼ੁਸ਼ੀ—ਤ੍ਰਿਹਾਇਆਂ ਲਈ ਸਮੁੰਦਰ - ਦੁਖੀਆਂ ਦਾ ਆਸਰਾ ਅਤੇ ਜ਼ੁਲਮ ਦੇ ਸ਼ਿਕਾਰ ਲਈ ਸਮਰਥਕ ਅਤੇ ਰਖਿੱਅਕ ਬਣ। ਹਰੇਕ ਕਾਰਜ਼ ਵਿੱਚ ਨੇਕਨੀਤੀ ਅਤੇ ਈਮਾਨ-ਰਾਹੀਂ ਤੇਰੀ ਵੱਖਰੀ ਪਛਾਣ ਹੋਵੇ। ਪਰਦੇਸੀ ਲਈ ਵਤਨ ਦਰਦਮੰਦਾਂ ਲਈ ਮਲ੍ਹਮ ਅਤੇ ਭਗੌੜੇ ਲਈ ਸ਼ਕਤੀ ਦਾ ਬੁਰਜ ਬਣ। ਅਨ੍ਹਿਆਂ ਲਈ ਅੱਖੀਆਂ ਅਤੇ ਰਾਹੋਂ ਭਟਕਿਆਂ ਦੇ ਪੈਰਾਂ ਨੂੰ ਰਾਹ ਦੱਸਣ ਲਈ ਚਾਨਣ ਬਣ। ਸਚਾਈ ਦੇ ਚਿਹਰੇ ਦਾ ਗਹਿਣਾ—ਵਫ਼ਾਦਾਰੀ ਦੇ ਸਿਰ ਦਾ ਤਾਜ - ਭਲਾਈ ਦੇ

ਮੰਦਿਰ ਦਾ ਥੰਮ੍ਹ—ਮਨੁੱਖ ਜਾਤੀ ਦੇ ਸ਼ਰੀਰ ਲਈ ਜੀਵਨਸਾਹ - ਨਿਆਂ ਦੇ ਲਸ਼ਕਰਾਂ ਦਾ ਝੰਡਾਬਰਦਾਰ—ਨੇਕੀ ਦੇ ਖਿਤਜ ਤੇ ਉਗਿੱਆ ਨਛੱਤਰ—ਮਨੁੱਖੀ ਦਿਲ ਦੇ ਖੇਤ ਲਈ ਓਸ ਬਿੰਦੂ-ਇਲਮ ਦਾ ਸਮੁੰਦਰ ਤਰਨ ਨੂੰ ਬੇੜੀ-ਸਖ਼ਾਵਤ ਦੇ ਅੰਬਰ ਦਾ

ਸੂਰਜ—ਸਿਆਣਪ ਦੇ ਤਾਜ ਵਿੱਚ ਜੜਿਆਂ ਹੀਰਾ-ਆਪਣੀ ਪੀੜ੍ਹੀ ਦੇ ਆਕਾਸ਼ ਵਿੱਚ ਚਮਕਦੀ ਲੋਅ ਅਤੇ ਨਿਮਰਤਾ ਦੇ ਬਿਰਖ ਦਾ ਮੇਵਾ ਬਣ।

‘ਅਬਦੁਲ ਬਹਾ’ ਦੇ ਲੇਖਾਂ ਵਿੱਚੋਂ

ਹੇ, ਤੂੰ ਜਿਹੜਾ ਰੱਬ ਵੱਲ ਮੂੰਹ ਮੋੜ ਰਿਹਾ ਹੈਂ – ਹੋਰ ਸਾਰੀਆਂ ਗੱਲਾਂ ਵਲੋਂ ਅੱਖਾਂ ਬੰਦ ਕਰ ਅਤੇ ਸਰਵ ਸ਼ੋਭਾਵਾਨ ਦੇ ਰਾਜ ਵਲ ਹੀ ਖੋਲ੍ਹ। ਜੋ ਚਾਹੁੰਦਾ ਹੈਂ ਉਸ ਤੋਂ ਮੰਗ – ਜੋ ਲੋੜਦਾ ਹੈਂ ਉਸ ਤੋਂ ਲੋੜ। ਉਹ ਇਕ ਨਿਗਾਹ ਨਾਲ ਲੱਖਾਂ ਆਸਾਂ ਪੁਜਾਉਂਦਾ ਹੈ। ਇਕ ਝਾਤ ਨਾਲ ਲੱਖ ਅਸਾਧ ਰੋਗ ਹਟਾ ਦਿੰਦਾ ਹੈ ਅਤੇ ਇਕ ਸਿਰਸੈਣਤ ਨਾਲ ਦਿਲਾਂ ਨੂੰ ਗ਼ਮ ਦੇ ਫੰਧੇ ਤੋਂ ਮੁਕਤ ਕਰ ਦਿੰਦਾ ਹੈ। ਉਸ ਨੇ ਜੋ ਕਰਨਾ ਹੈ ਕਰਦਾ ਹੈ ਅਤੇ ਅਸਾਡੇ ਕੋਲ ਕੀ ਉਪਾਅ ਹੈ? ਉਹ ਆਪਣੀ ਇੱਛਾ ਪੂਰੀ ਕਰਦਾ ਹੈ। ਜੋ ਉਸ ਨੂੰ ਭਾਉਂਦਾ ਹੈ ਹੁਕਮ ਦੇ ਦਿੰਦਾ ਹੈ। ਤਾਂ ਫਿਰ ਤੇਰੇ ਲਈ ਤਾਂ ਅਧੀਨਗੀ ਨਾਲ ਸਿਰ ਝੁਕਾਉਣਾ ਅਤੇ ਸਰਵ ਦਇਆਵਾਨ ਮਾਲਿਕ ਤੇ ਵਿਸ਼ਵਾਸ ਰੱਖਣਾ ਹੀ ਭਲਾ ਹੈ।